MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 50 SATURDAY, 16 DECEMBER, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਕੈਨੇਡਾ ਦਾ ਜੰਗਬੰਦੀ ਬਾਰੇ ਸੱਦੇ ਦਾ ਜੰਗ 'ਤੇ ਕੋਈ ਅਸਰ ਨਹੀਂ-ਇਜ਼ਰਾਈਲੀ ਰਾਜਦੂਤ

## ਕਿਹਾ, ਅਸੀਂ ਇਕ ਅਤਵਾਦੀ ਸੰਗਠਨ ਖ਼ਿਲਾਫ਼ ਲੜ ਰਹੇ ਹਾਂ

ਓਟਵਾ-ਇਜ਼ਰਾਈਲ ਦੇ ਰਾਜਦੂਤ ਨੇ ਕਿਹਾ ਹੈ ਕਿ ਕੈਨੇਡਾ ਦਾ ਇਜ਼ਰਾਈਲ-ਹਮਾਸ ਵਿਚਕਾਰ ਜੰਗਬੰਦੀ ਦਾ ਸੱਦਾ ਉਸ ਦੇ ਸੰਘਰਸ਼ ਸਬੰਧੀ ਬੇਸਮਝੀ ਦੀ ਝਲਕ ਦਿੰਦਾ ਹੈ ਅਤੇ ਇਸ ਦਾ ਲੜਾਈ 'ਤੇ ਕੋਈ ਅਸਰ ਨਹੀਂ ਜਦਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਰਮ ਰੁਖ ਨੇ ਉਨ੍ਹਾਂ ਦੀ ਲਿਬਰਲ ਕੌਕਸ ਵਿਚ ਵੀ ਤਣਾਅ ਨੂੰ ਵਧਾਇਆ ਹੈ। ਟਰੂਡੋ ਦੀ ਸਰਕਾਰ ਨੇ ਸੰਯੁਕਤ ਰਾਸ਼ਟਰ ਵਿਖੇ ਨਾਨ-ਬਾਈਡਿੰਗ ਮਤੇ ਜਿਸ ਦੀ ਪਾਲਣਾ ਕਰਨੀ ਲਾਜ਼ਮੀ ਨਹੀਂ ਵਿਖੇ ਵੋਟ ਦੇ ਕੇ ਸਾਲਾਂ ਦੀ ਕੈਨੇਡੀਅਨ ਨੀਤੀ ਨੂੰ ਤੋੜ ਦਿੱਤਾ ਹੈ ਜਿਸ ਵਿਚ ਦੋ ਮਹੀਨੇ ਤੋਂ ਚਲੀ ਆ ਰਹੀ ਲੜਾਈ ਲਈ ਤੁਰੰਤ ਜੰਗਬੰਦੀ ਕਰਨ ਦਾ ਸੱਦਾ ਦਿੱਤਾ ਗਿਆ ਸੀ ਅਤੇ ਆਲੋਚਕ ਜੰਗ ਲਈ ਯਹੂਦੀ ਦੇਸ਼ ਨੂੰ ਜ਼ਿੰਮੇਵਾਰ ਸਮਝਦੇ ਹਨ। ਅਮਰੀਕਾ ਨੇ ਮਤੇ ਦਾ ਸਮਰਥਨ ਨਹੀਂ ਕੀਤਾ। ਕੈਨੇਡਾ ਨੇ ਨੀਤੀ ਵਿਚ ਤਬਦੀਲੀ ਇਕ ਵੱਖਰੇ ਬਿਆਨ ਨਾਲ ਕੀਤੀ ਜਿਸ ਵਿਚ ਜੰਗਬੰਦੀ ਦਾ ਸੱਦਾ ਦਿੱਤਾ ਗਿਆ ਪਰ ਇਸ ਲਈ ਵੱਖਰੀ ਭਾਸ਼ਾ ਦੀ ਵਰਤੋਂ ਕੀਤੀ ਗਈ ਜਿਸ ਬਾਰੇ ਕੁਝ ਲਿਬਰਲਜ਼ ਐਮ ਪੀਜ਼ ਸਮੇਤ ਵਿਰੋਧੀਆਂ ਨੇ ਇਸ ਨੂੰ ਆਪਾ ਵਿਰੋਧੀ ਸਟੈਂਡ ਆਖਿਆ ਹੈ। ਜਦੋਂ ਦੀ ਅਕਤੂਬਰ ਮਹੀਨੇ ਵਿਚ ਲੜਾਈ ਸ਼ੁਰੂ ਹੋਈ ਹੈ ਉਸ ਸਮੇਂ ਤੋਂ ਟਰੂਡੋ ਇਜ਼ਰਾਈਲ ਪ੍ਰਤੀ ਸਖਤੀ ਅਪਨਾਉਣ ਲਈ ਭਾਰੀ ਸਿਆਸੀ ਦਬਾਅ ਹੇਠ ਹੈ। ਇਸ ਲਾਬੀ ਮੁਹਿੰਮ ਵਿਚ ਉਸ ਦੀ ਆਪਣੀ ਕੌਕਸ ਦੇ ਕਈ ਮੈਂਬਰ ਸ਼ਾਮਿਲ ਹਨ। ਕੈਨੇਡਾ ਵਿਚ ਇਜ਼ਰਾਈਲ ਦੇ ਰਾਜਦੂਤ ਈਦੋ ਮੋਏਦ ਨੇ ਕਿਹਾ ਕਿ ਘੱਟ ਗਿਣਤੀ ਲਿਬਰਲਜ਼ ਨੇ ਇਜ਼ਰਾਈਲ ਨਾਲ ਸਲਾਹ ਮਸ਼ਵਰਾ ਕੀਤੇ ਬਿਨ੍ਹਾਂ ਨੀਤੀ ਬਦਲੀ ਹੈ ਪਰ ਟਰੂਡੋ ਨੇ ਕੈਨੇਡਾ ਦੀ ਸਥਿਤੀ ਨੂੰ ਜਨਤਕ



ਕਰਨ ਤੋਂ ਪਹਿਲਾਂ ਇਜ਼ਰਾਈਲੀ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਨੂੰ ਸੰਖੇਪ ਵਿਚ ਜਾਣਕਾਰੀ ਦਿੱਤੀ ਸੀ। ਮੋਏਦ ਨੇ ਜੰਗਬੰਦੀ ਦੀ ਮੰਗ ਨੂੰ ਨਿਰਾਸ਼ ਕਰਨ ਵਾਲੀ ਆਖਿਆ ਪਰ ਕਿਹਾ ਕਿ ਭਾਵੇਂ ਇਹ ਨੇਕ ਇਰਾਦੇ ਵਾਲੀ ਹੋਵੇ ਪਰ ਹੈ ਤਾਂ ਇਹ ਅਪ੍ਰਸੰਗਿਕ।

(ਬਾਕੀ ਸਫ਼ਾ 9 'ਤੇ)

## ਕੈਨੇਡਾ ਇਜ਼ਰਾਈਲ ਨੂੰ ਹਥਿਆਰਾਂ ਦੀ ਸਪਲਾਈ ਰੋਕੇ-ਹਥਿਆਰ ਕੰਟਰੋਲ ਗਰੁੱਪ

ਓਟਵਾ-ਹਥਿਆਰਾਂ ਨੂੰ ਕੰਟਰੋਲ ਕਰਨ ਦੀ ਵਕਾਲਤ ਕਰਨ ਵਾਲੇ ਇਕ ਗਰੁੱਪ ਦਾ ਕਹਿਣਾ ਕਿ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦ ਗੰਭੀਰ ਉਲੰਘਣਾਂ ਲਈ ਹਥਿਆਰਾਂ ਦੀ ਵਰਤੋਂ ਦੇ ਖ਼ਤਰੇ ਤੋਂ ਬਚਣ ਲਈ ਕੈਨੇਡਾ ਨੂੰ ਇਜ਼ਰਾਈਲ ਨੂੰ ਹਥਿਆਰਾਂ ਦੀ ਸਪਲਾਈ ਰੋਕ ਦੇਣੀ ਚਾਹੀਦੀ ਹੈ। ਓਨਟਾਰੀਓ ਆਧਾਰਤ ਪ੍ਰਾਜੈਕਟ ਪਲੋਸ਼ੇਅਰਜ਼ ਦਾ ਕਹਿਣਾ ਕਿ ਜਿਸ ਤਰ੍ਹਾਂ ਇਜ਼ਰਾਈਲ ਗਜ਼ਾ ਵਿਚ ਹਵਾਈ ਹਮਲੇ ਕਰ ਰਿਹਾ ਹੈ ਉਸ ਲਈ ਉਸ ਨੂੰ ਅੰਤਰਰਾਸ਼ਟਰੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਦੀ ਕੁਝ ਜ਼ਿੰਮੇਵਾਰੀ ਕੈਨੇਡਾ 'ਤੇ ਵੀ ਆਉਂਦੀ ਹੈ ਕਿਉਂਕਿ ਉਨ੍ਹਾਂ ਹਵਾਈ ਹਮਲਿਆਂ ਵਿਚ ਵਰਤਿਆ ਗਿਆ ਹਰੇਕ ਐਫ-35 ਲੜਾਕੂ ਜਹਾਜ਼ ਦੇ ਹਿੱਸੇ ਪੁਰਜੇ ਕੈਨੇਡਾ ਵਿਚ ਵੀ ਬਣੇ ਹੋਏ ਹਨ। ਇਸ ਹਫ਼ਤੇ ਅਮਰੀਕੀ ਰਾਸ਼ਟਰਪਤੀ ਜੋਏ ਬਾਇਡੇਨ ਨੇ ਕਿਹਾ ਕਿ ਇਜ਼ਰਾਈਲ ਅੰਤਰਰਾਸ਼ਟਰੀ ਸਮਰਥਨ ਗੁਆ ਰਿਹਾ ਹੈ ਕਿਉਂਕਿ ਇਹ ਹਮਾਸ ਅੱਤਵਾਦੀਆਂ ਖਿਲਾਫ ਆਪਣੀ ਜੰਗ ਨੂੰ ਲੈ ਕੇ ਗਜ਼ਾ ਵਿਚ ਆਮ ਨਾਗਰਿਕਾਂ 'ਤੇ ਅੰਨ੍ਹੇਵਾਹ ਬੰਬਾਰੀ ਕਰ ਰਿਹਾ ਹੈ।

(ਬਾਕੀ ਸਫ਼ਾ 9 'ਤੇ)

For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
* Stats from Fraser Valley Board 2020-2021
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD CERTIFIED CLINICIAN
ਜੇ ਤੁਹਾਡੇ ਇੱਕ, ਇੱਕ ਤੋ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ।
ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA
ALBERTA - BC
Fuel and Insurance Paid by Company
NO DEDUCTIONS!!
ਸਾਡੀ ਕੰਪਨੀ ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com

mortgages lab
ਕਿਸੇ ਵੀ ਤਰ੍ਹਾਂ ਦੀ ਮੋਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੋਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval In 2 Hours
@HARPREETFUNDING
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A Simpson, Thomas and Associates
Get the legal support you need now.
Serving all of British Columbia
• Family Law
• Personal Injury
• Estate Litigation
• Employment Law
• Immigration Law
• Insurance Denials
We have translators fluent in Hindi and Punjabi.
Book your legal consultation
604 689 8888
simpsonthomas.com
Surrey Office
701 – 13761 96th Avenue
Surrey, BC V3V 0E8
Vancouver Office
501 – 808 Nelson Street
Vancouver, BC V6Z 2H2
Scan QR code to set up a legal consultation with us
Experienced lawyers for your legal needs.
BBB ACCREDITED BUSINESS
@stalawyers

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 50 SATURDAY, 16 DECEMBER, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

## ਗਣਤੰਤਰ ਦਿਵਸ ਸਮਾਗਮ ਵਿਚ ਰਾਸ਼ਟਰਪਤੀ ਬਾਇਡਨ ਦੇ ਸ਼ਾਮਲ ਹੋਣ ਦੀ ਸੰਭਾਵਨਾ ਘੱਟ



ਨਵੀਂ ਦਿੱਲੀ-ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦੇ ਅਗਲੇ ਮਹੀਨੇ ਗਣਤੰਤਰ ਦਿਵਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਦੀ ਸੰਭਾਵਨਾ ਘੱਟ ਹੈ। ਮੰਨਿਆ ਜਾ ਰਿਹਾ ਹੈ ਕਿ ਵਾਸ਼ਿੰਗਟਨ ਨੇ ਨਵੀਂ ਦਿੱਲੀ ਨੂੰ ਦੱਸ ਦਿੱਤਾ ਹੈ ਕਿ ਰਾਸ਼ਟਰਪਤੀ ਬਾਇਡਨ ਗਣਤੰਤਰ ਦਿਵਸ ਸਮਾਗਮ ਲਈ ਭਾਰਤ ਨਹੀਂ ਆ ਸਕਣਗੇ। ਭਾਰਤ ਵਿੱਚ ਅਮਰੀਕੀ ਰਾਜਦੂਤ ਐਰਿਕ ਗਾਰਸੇਟੀ ਨੇ ਸਤੰਬਰ ਵਿੱਚ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਅਗਲੇ ਸਾਲ 26 ਜਨਵਰੀ ਨੂੰ ਗਣਤੰਤਰ ਦਿਵਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ, ਹਾਲਾਂਕਿ ਭਾਰਤ ਨੇ ਇਸ ਸੱਦੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਸੀ। ਸੂਤਰਾਂ ਅਨੁਸਾਰ 2024 ਦੇ ਆਖਰੀ ਮਹੀਨਿਆਂ ਵਿੱਚ ਭਾਰਤ 'ਚ ਕੁਆਡ ਸਿਖਰ ਸੰਮੇਲਨ ਕਰਵਾਉਣ ਦੀ ਤਜਵੀਜ਼ ਰੱਖੀ ਗਈ ਹੈ। ਸੂਤਰ ਨੇ ਕਿਹਾ,"ਅਸੀਂ ਤਰੀਕਾਂ ਸੋਧਣ ਬਾਰੇ ਵਿਚਾਰ ਕਰ ਰਹੇ ਹਾਂ ਕਿਉਂਕਿ ਮੌਜੂਦਾ ਸਮੇਂ ਵਿਚਾਰੀਆਂ ਜਾ ਰਹੀਆਂ ਤਰੀਕਾਂ 'ਤੇ ਸਾਰੇ ਕੁਆਡ ਭਾਈਵਾਲ ਸਹਿਮਤ ਨਹੀਂ ਹਨ।" ਜੇ ਬਾਇਡਨ ਭਾਰਤ ਆਉਣ ਦਾ ਸੱਦਾ ਸਵੀਕਾਰ ਕਰ ਲੈਂਦੇ ਤਾਂ ਸਿਖਰ ਸੰਮੇਲਨ 27 ਜਨਵਰੀ ਨੂੰ ਹੋ ਸਕਦਾ ਸੀ।

# ਸੁਖਬੀਰ ਨੇ ਬੇਅਦਬੀ ਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ 'ਚ ਅਸਫ਼ਲਤਾ ਲਈ ਪੰਥ ਕੋਲੋਂ ਮੁਆਫ਼ੀ ਮੰਗੀ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੇ 103ਵੇਂ ਸਥਾਪਨਾ ਦਿਵਸ ਮੌਕੇ ਜਥੇਬੰਦੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਸਰਕਾਰ ਵੇਲੇ 2015 ਵਿੱਚ ਹੋਈ ਬੇਅਦਬੀ ਦੀ ਘਟਨਾ ਅਤੇ ਘਟਨਾ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਅਸਫਲ ਰਹਿਣ ਲਈ ਸਿੱਖ ਪੰਥ ਕੋਲੋਂ ਮੁਆਫੀ ਮੰਗੀ ਹੈ। ਉਹ ਅੱਜ ਇੱਥੇ ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ਦੇ ਸਬੰਧ ਵਿੱਚ ਰੱਖੇ ਅਖੰਡ ਪਾਠ ਦੇ ਭੋਗ ਵਿੱਚ ਸ਼ਾਮਲ ਹੋਣ ਲਈ ਪੁੱਜੇ ਸਨ। ਹਰਿਮੰਦਰ ਸਾਹਿਬ ਕੰਪਲੈਕਸ ਵਿਖੇ ਸ਼ਹੀਦ ਬਾਬਾ ਗੁਰਬਖਸ਼ ਸਿੰਘ ਦੇ ਅਸਥਾਨ 'ਤੇ ਰੱਖੇ ਅਖੰਡ ਪਾਠ ਦੇ ਭੋਗ ਮਗਰੋਂ ਸੰਗਤ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਸਾਬਕਾ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਆਖਰੀ ਸਮੇਂ ਤੱਕ ਇਸ ਗੱਲ ਦਾ ਦੁੱਖ ਰਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਵੇਲੇ ਹੋਈ ਬੇਅਦਬੀ ਦੇ ਦੋਸ਼ੀਆਂ ਨੂੰ ਉਹ ਗ੍ਰਿਫਤਾਰ ਨਹੀਂ ਕਰ ਸਕੇ। ਪੰਥਕ ਸਰਕਾਰ ਦੇ ਵੇਲੇ ਵਾਪਰੀ ਇਹ ਘਟਨਾ ਅਤੀ ਦੁਖਦਾਈ ਸੀ। ਉਨ੍ਹਾਂ ਖੁਲਾਸਾ ਕੀਤਾ ਕਿ ਉਸ ਵੇਲੇ ਪਏ ਦਬਾਅ ਕਾਰਨ ਅਕਾਲੀ ਸਰਕਾਰ ਵੱਲੋਂ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਦੇ ਦਿੱਤੀ ਗਈ ਸੀ। ਉਸ ਤੋਂ ਬਾਅਦ ਆਈਆਂ ਹੁਣ ਤੱਕ ਦੀਆਂ ਸਰਕਾਰਾਂ ਵੀ ਬੇਅਦਬੀ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕਰ ਸਕੀਆਂ ਹਨ ਪਰ ਉਨ੍ਹਾਂ ਨੇ ਸਿਆਸਤ ਕੀਤੀ। ਇਸ ਲਈ ਸਮੁੱਚੇ ਪੰਥ ਕੋਲੋਂ ਮੁਆਫੀ ਮੰਗਦਿਆਂ ਉਨ੍ਹਾਂ ਵਾਅਦਾ ਕੀਤਾ ਕਿ ਜੇ ਮੁੜ ਮੌਕਾ ਮਿਲਿਆ ਤਾਂ ਅਕਾਲੀ ਦਲ ਇਸ ਘਟਨਾ ਦੇ ਦੋਸ਼ੀਆਂ ਨੂੰ ਨਾ ਸਿਰਫ ਗ੍ਰਿਫਤਾਰ ਕਰੇਗਾ ਸਗੋਂ ਇਸ ਮੁੱਦੇ 'ਤੇ ਸਿਆਸਤ ਕਰਨ ਵਾਲਿਆਂ ਨੂੰ ਵੀ ਬੇਨਕਾਬ ਕਰੇਗਾ। ਉਨ੍ਹਾਂ ਬਿਨਾਂ ਕਿਸੇ ਦਾ ਨਾਂ ਲਏ ਸ਼੍ਰੋਮਣੀ ਅਕਾਲੀ ਦਲ ਤੋਂ ਨਾਰਾਜ਼ ਅਤੇ ਰੁੱਸੇ ਅਕਾਲੀ ਆਗੂਆਂ ਕੋਲੋਂ ਵੀ ਮੁਆਫੀ ਮੰਗੀ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਪੰਥ ਨੂੰ ਦਰਪੇਸ਼ ਚੁਣੌਤੀਆਂ ਦਾ ਇਕੱਠੇ ਹੋ ਕੇ ਸਾਹਮਣਾ ਕੀਤਾ ਜਾਵੇ। 20 ਦਸੰਬਰ ਨੂੰ ਦਿੱਲੀ ਵਿਖੇ ਬੰਦੀ ਸਿੱਖਾਂ ਦੀ ਰਿਹਾਈ ਲਈ ਕੀਤੇ ਜਾਣ ਵਾਲੇ ਪੰਥਕ ਪ੍ਰਦਰਸ਼ਨ ਵਿੱਚ ਵੀ ਸ਼ਾਮਲ ਹੋਣ ਦੀ ਸਾਰਿਆਂ ਨੂੰ ਅਪੀਲ ਕੀਤੀ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਹੋਰ ਹਾਜ਼ਰ ਸਨ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services



ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

# ਨਵੀਂ ਸੰਸਦ ਦੀ ਸੁਰੱਖਿਆ ਵਿਚ ਲੱਗੀ ਸੰਨ੍ਹ

## ਪੁਰਾਣੇ ਸੰਸਦ ਭਵਨ ਉੱਤੇ ਹਮਲੇ ਦੀ ਬਰਸੀ ਮੌਕੇ ਵਾਪਰੀ ਘਟਨਾ



ਨਵੀਂ ਦਿੱਲੀ-ਦੇਸ਼ ਦੀ ਸੰਸਦ ਉੱਤੇ 2001 ਵਿੱਚ ਹੋਏ ਦਹਿਸ਼ਤੀ ਹਮਲੇ ਦੀ ਬਰਸੀ ਮੌਕੇ ਨਵੀਂ ਸੰਸਦੀ ਇਮਾਰਤ ਵਿੱਚ ਉਦੋਂ ਵੱਡੀ ਸੁਰੱਖਿਆ ਸੰਨ੍ਹ ਲੱਗ ਗਈ ਜਦੋਂ ਸਿਫ਼ਰ ਕਾਲ ਦੌਰਾਨ ਦੋ ਵਿਅਕਤੀ ਪਬਲਿਕ ਗੈਲਰੀ ਵਿਚੋਂ ਛਾਲ ਮਾਰ ਕੇ ਲੋਕ ਸਭਾ ਚੈਂਬਰ ਵਿੱਚ ਦਾਖ਼ਲ ਹੋ ਗਏ। ਸੰਸਦ ਮੈਂਬਰਾਂ ਨੇ ਹਾਲਾਂਕਿ ਦੋਵਾਂ ਨੂੰ ਕਾਬੂ ਕਰ ਲਿਆ ਪਰ ਇਸ ਤੋਂ ਪਹਿਲਾਂ ਦੋਵਾਂ ਨੇ ਛੋਟੇ ਕੈਨਿਸਟਰਾਂ ਵਿਚੋਂ ਪੀਲਾ ਧੂੰਆਂ ਛੱਡਿਆ ਤੇ ਨਾਅਰੇਬਾਜ਼ੀ ਕੀਤੀ। ਠੀਕ ਉਸੇ ਵੇਲੇ ਦੋ ਹੋਰ ਵਿਅਕਤੀਆਂ, ਜਿਨ੍ਹਾਂ ਵਿਚ ਇਕ ਮਹਿਲਾ ਵੀ ਸ਼ਾਮਲ ਸੀ, ਨੇ ਸੰਸਦ ਦੇ ਬਾਹਰ ਕੈਨਿਸਟਰਾਂ ਵਿਚੋਂ ਰੰਗਦਾਰ ਗੈਸ ਸਪਰੇਅ ਕੀਤੀ ਤੇ 'ਤਾਨਾਸ਼ਾਹੀ ਨਹੀਂ ਚਲੇਗੀ', 'ਭਾਰਤ ਮਾਤਾ ਕੀ ਜੈ' ਤੇ 'ਜੈ ਭੀਮ ਜੈ ਭਾਰਤ' ਦੇ ਨਾਅਰੇ ਵੀ ਲਾਏ। ਸੁਰੱਖਿਆ ਬਲਾਂ ਨੇ ਇਨ੍ਹਾਂ ਚਾਰਾਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਦੌਰਾਨ ਵਿਰੋਧੀ ਧਿਰਾਂ ਨੇ ਸਪੀਕਰ ਓਮ ਬਿਰਲਾ ਵੱਲੋਂ ਸੱਦੀ ਸਰਬ ਪਾਰਟੀ ਮੀਟਿੰਗ ਦੌਰਾਨ ਸੁਰੱਖਿਆ 'ਚ ਸੰਨ੍ਹ ਦੇ ਮੁੱਦੇ 'ਤੇ ਫ਼ਿਕਰ ਜਤਾਇਆ। ਲੋਕ ਸਭਾ ਦੀ ਘਟਨਾ ਵਿੱਚ ਸ਼ਾਮਲ ਦੋ ਵਿਅਕਤੀਆਂ ਦੀ ਪਛਾਣ ਸਾਗਰ ਸ਼ਰਮਾ ਤੇ ਮਨੋਰੰਜਨ ਵਜੋਂ ਹੋਈ ਹੈ। ਸ਼ਰਮਾ ਵਿਜ਼ਿਟਰ ਗੈਲਰੀ ਵਿੱਚ ਮੈਸੂਰ ਤੋਂ ਲੋਕ ਸਭਾ ਮੈਂਬਰ ਪ੍ਰਤਾਪ ਸਿਮ੍ਹਾ ਦੇ ਮਹਿਮਾਨ ਵਜੋਂ ਆਇਆ ਸੀ। ਘੁਸਪੈਠ ਮਗਰੋਂ ਸੰਸਦੀ ਅਹਾਤੇ ਵਿੱਚ ਵਿਜ਼ਿਟਰਾਂ ਦਾ ਦਾਖ਼ਲਾ ਰੋਕ ਦਿੱਤਾ ਗਿਆ। ਜਿਨ੍ਹਾਂ ਵਿਅਕਤੀਆਂ ਕੋਲ ਅੱਜ ਦੇ ਦਿਨ ਲਈ ਵੈਧ ਵਿਜ਼ਿਟਰ ਪਾਸ ਸਨ ਉਨ੍ਹਾਂ ਨੂੰ ਰਿਸੈਪਸ਼ਨ ਖੇਤਰ ਵਿਚੋਂ ਹੀ ਮੋੜ ਦਿੱਤਾ ਗਿਆ। ਅਧਿਕਾਰੀਆਂ ਨੇ ਕਿਹਾ ਕਿ ਹਾਲ ਦੀ ਘੜੀ ਉਨ੍ਹਾਂ ਕੋਲ ਵਿਜ਼ਿਟਰਾਂ ਦੇ ਦਾਖ਼ਲੇ 'ਤੇ 'ਪਾਬੰਦੀ' ਸਬੰਧੀ ਕੋਈ ਲਿਖਤੀ ਹਦਾਇਤਾਂ ਨਹੀਂ ਹਨ। ਆਮ ਕਰਕੇ ਵਿਜ਼ਿਟਰ ਪਾਸ ਦੋ ਘੰਟਿਆਂ ਲਈ ਜਾਰੀ ਕੀਤੇ ਜਾਂਦੇ ਹਨ। ਉਂਜ ਘੁਸਪੈਠ ਦੀ ਇਸ ਘਟਨਾ ਤੋਂ ਪਹਿਲਾਂ ਅੱਜ ਦਿਨੇ ਕੁਝ ਸੰਸਦ ਮੈਂਬਰਾਂ ਦੀਆਂ ਪਤਨੀਆਂ ਨੇ ਨਵੀਂ ਸੰਸਦੀ ਇਮਾਰਤ ਦਾ ਦੌਰਾ ਕੀਤਾ ਸੀ। ਸਦਨ ਵਿਚ ਮੌਜੂਦ ਕਈ ਸੰਸਦ ਮੈਂਬਰਾਂ ਮੁਤਾਬਕ ਇਹ ਦੋਵੇਂ ਬਾਅਦ ਦੁਪਹਿਰ ਇਕ ਵਜੇ ਦੇ ਕਰੀਬ ਪਬਲਿਕ ਗੈਲਰੀ 'ਚੋਂ ਛਾਲ ਮਾਰ ਕੇ ਲੋਕ ਸਭਾ ਚੈਂਬਰ ਵਿੱਚ ਦਾਖਲ ਹੋਏ। ਇਨ੍ਹਾਂ ਵਿਚੋਂ ਇਕ ਨੂੰ ਸਦਨ ਦੇ ਬੈਂਚ 'ਤੇ ਛਾਲਾਂ ਮਾਰਦਿਆਂ ਜਦੋਂਕਿ ਦੂਜੇ ਨੂੰ ਉਸ ਦੇ ਪਿੱਛੇ ਪਿੱਛੇ ਗੈਲਰੀ 'ਚੋਂ ਲਮਕਦਿਆਂ ਦੇਖਿਆ ਗਿਆ।

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵੇਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਗਾਇਕ ਮਨਕੀਰਤ ਔਲਖ ਦੇ ਦੋਸਤ ਐਂਡੀ ਧੁੱਗਾ ਦੇ ਸ਼ੋਅਰੂਮ 'ਤੇ ਫਾਇਰਿੰਗ-ਇਕ ਗ੍ਰਿਫ਼ਤਾਰ

ਬਰੈਂਪਟਨ-ਇਥੇ ਪੰਜਾਬੀ ਗਾਇਕ ਮਨਕੀਰਤ ਔਲਖ ਦੇ ਨੇੜਲੇ ਸਾਥੀ ਐਂਡੀ ਧੁੱਗਾ ਦੇ ਟਾਇਰਾਂ ਦੇ ਸ਼ੋਅਰੂਮ 'ਤੇ ਗੋਲੀਬਾਰੀ ਕੀਤੀ ਗਈ ਜਿਸ ਸਬੰਧ ਵਿਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਘਟਨਾ ਪਿਛਲੇ ਦਿਨੀ ਰਾਤ ਸਮੇਂ ਬਰੈਂਪਟਨ ਦੀ ਪੀਲ ਇਲਾਕੇ ਵਿਚ ਵਾਪਰੀ। ਗੋਲੀਬਾਰੀ ਵਿਚ ਬਰੈਂਪਟਨ ਦੇ ਮਿਲੇਨੀਅਨ ਟਾਇਰ ਸੈਂਟਰ ਨੂੰ ਨਿਸ਼ਾਨਾ ਬਣਾਇਆ ਗਿਆ ਜਿਸ ਪਿੱਛੋਂ ਪੁਲਿਸ ਨੇ ਆਲੇ ਦੁਆਲੇ ਦੇ ਇਲਾਰੇ ਨੂੰ ਸੀਲ ਕਰ ਦਿੱਤਾ। ਪੁਲਿਸ ਮਾਮਲੇ ਦੀ ਸਰਗਰਮੀ ਨਾਲ ਜਾਂਚ ਕਰ ਰਹੀ ਹੈ। ਜਾਣਕਾਰੀ ਮੁਤਾਬਿਕ ਘਟਨਾ ਦੇ ਸਬੰਧ ਵਿਚ 23 ਸਾਲਾ ਨੌਜਵਾਨ ਤਨਮਨਜੀਤ ਗਿੱਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਸ ਦੇ ਨਾਲ ਗੋਲੀਬਾਰੀ ਵਿਚ ਸ਼ਾਮਿਲ ਉਸ ਦੇ ਸਾਥੀ ਦੀ ਵੀ ਪਛਾਣ ਹੋ ਗਈ ਹੈ ਪਰ ਉਹ ਅਜੇ ਤਕ ਫਰਾਰ ਹੈ। ਇਕ ਪ੍ਰਮੁੱਖ ਕਰੋੜਪਤੀ ਪੰਜਾਬੀ ਕਾਰੋਬਾਰੀ



ਐਂਡੀ ਧੁੱਗਾ ਦੇ ਪੰਜਾਬੀ ਫਿਲਮ ਤੇ ਸੰਗੀਤ ਉਦਯੋਗ ਨਾਲ ਨੇੜਲੇ ਸਬੰਧ ਹਨ। ਉਸ ਨੇ ਕੈਨੇਡਾ ਵਿਚ ਕਬੱਡੀ ਟੂਰਨਾਮੈਂਟਾਂ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ ਹੈ। ਗੋਲੀਬਾਰੀ ਦੇ ਉਦੇਸ਼ ਦਾ ਅਜੇ ਤਕ ਪਤਾ ਨਹੀਂ ਲੱਗਾ।






# ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੀ ਚੋਣ 'ਚ ਬਲਬੀਰ ਸਿੰਘ ਚਾਨਾ ਦੀ ਸਮੁੱਚੀ ਸਲੇਟ ਜੇਤੂ


ਸਰੀ (ਹਰਦਮ ਮਾਨ)-ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਦਾ ਪ੍ਰਬੰਧ ਚਲਾਉਣ ਵਾਲੀ ਸੰਸਥਾ 'ਕਨੇਡੀਅਨ ਰਾਮਗੜ੍ਹੀਆ ਸੁਸਾਇਟੀ' ਦੀ ਸਲਾਨਾ ਮੀਟਿੰਗ ਬੀਤੇ ਦਿਨ ਗੁਰਦੁਆਰਾ ਸਾਹਿਬ ਵਿਖੇ ਹੋਈ ਜਿਸ ਵਿੱਚ ਸਾਲ 2024 ਅਤੇ 2025 ਲਈ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਚੋਣ ਲਈ ਉਮੀਦਵਾਰਾਂ ਦੀਆਂ ਦੋ ਸਲੇਟਾਂ ਨਾਮਜ਼ਦ ਹੋਈਆਂ ਅਤੇ ਇਹਨਾਂ ਵਿੱਚੋਂ ਬਲਬੀਰ ਸਿੰਘ ਚਾਨਾ ਦੀ ਸਮੁੱਚੀ ਸਲੇਟ ਨੂੰ ਸੋਸਾਇਟੀ ਦੇ ਪ੍ਰਬੰਧ ਅਤੇ ਗੁਰਦੁਆਰਾ ਸਾਹਿਬ ਬਰੁੱਕਸਾਈਡ ਦੀ ਸੇਵਾ ਸੰਭਾਲ ਲਈ ਬਹੁਮਤ ਨਾਲ ਚੁਣ ਲਿਆ ਗਿਆ ਅਤੇ ਕਰਤਾਰ ਸਿੰਘ ਸੱਭਰਵਾਲ ਸਲੇਟ ਦਾ ਕੋਈ ਵੀ ਉਮੀਦਵਾਰ ਜਿੱਤ ਹਾਸਲ ਨਾ ਕਰ ਸਕਿਆ। ਚੋਣ ਬਹੁਤ ਹੀ ਸ਼ਾਂਤ ਤੇ ਸਦਭਾਵਨਾ ਵਾਲੇ ਮਾਹੌਲ ਵਿੱਚ ਹੋਈ ਅਤੇ ਸੁਸਾਇਟੀ ਦੇ ਜਾਣੇ ਪਹਿਚਾਣੇ ਤੇ ਸਰਬ ਸੰਮਤੀ ਨਾਲ ਚੁਣੇ ਗਏ ਮੈਂਬਰ ਸੁਰਿੰਦਰ ਸਿੰਘ ਗਹੀਰ ਨੇ ਚੋਣ ਕਮੇਟੀ ਚੇਅਰਮੈਨ ਦੀ ਜ਼ਿੰਮੇਵਾਰੀ ਕਾਨੂੰਨ ਅੰਦਰ ਰਹਿੰਦਿਆਂ ਬਾਖ਼ੂਬੀ ਨਾਲ ਨਿਭਾਈ। ਸਾਲ 2024 ਅਤੇ 2025 ਲਈ ਚੁਣੀ ਗਈ ਸੁਸਾਇਟੀ ਦੀ ਕਾਰਜਕਾਰੀ ਕਮੇਟੀ



ਵਿਚ ਪ੍ਰਧਾਨ-ਬਲਬੀਰ ਸਿੰਘ ਚਾਨਾ, ਸੀਨੀਅਰ ਮੀਤ ਪ੍ਰਧਾਨ-ਦੀਪ ਸਿੰਘ ਕਲਸੀ, ਮੀਤ ਪ੍ਰਧਾਨ - ਕਿਰਪਾਲ ਸਿੰਘ ਧਿਜਲ, ਸਕੱਤਰ- ਚਰਨਜੀਤ ਸਿੰਘ ਮਰਵਾਹਾ, ਸੀਨੀਅਰ ਮੀਤ ਸਕੱਤਰ - ਧਰਮ ਸਿੰਘ ਪਨੇਸਰ, ਮੀਤ ਸਕੱਤਰ - ਹਰਜੀਤ ਸਿੰਘ ਸੇਹਰਾ, ਖਜ਼ਾਨਚੀ - ਦਵਿੰਦਰ ਸਿੰਘ ਜੱਬਲ, ਸੀਨੀਅਰ ਮੀਤ ਖਜ਼ਾਨਚੀ - ਮਨਜੀਤ ਸਿੰਘ ਮੁੱਧਰ, ਮੀਤ ਖਜ਼ਾਨਚੀ - ਅਮਰੀਕ ਸਿੰਘ ਭੱਚੂ, ਪਬਲਿਕ ਰਿਲੇਸ਼ਨ ਸਕੱਤਰ - ਸੁਰਿੰਦਰ ਸਿੰਘ ਜੱਬਲ, ਮੈਂਬਰ ਅਮਰਜੀਤ ਸਿੰਘ ਬਰਮੀ, ਹਰਭਜਨ ਸਿੰਘ ਭੱਚੂ, ਸੁਖਵਿੰਦਰ ਸਿੰਘ ਭਾਰਜ, ਸੰਤੋਖ ਸਿੰਘ ਬਿਲਖੂ ਅਤੇ ਮਨਜੀਤ ਸਿੰਘ ਵਾਹਰਾ ਅਤੇ ਟਰੱਸਟੀ ਜਸਵੰਤ ਸਿੰਘ ਜੰਡੂ ਗੁਰਨਾਮ ਸਿੰਘ ਕਲਸੀ ਅਤੇ ਤਰਸੇਮ ਸਿੰਘ ਵਿਰਦੀ ਚੁਣੇ ਗਏ।

# ਮੇਅਰ ਲੌਕ ਦੇ ਵਿਰੋਧੀਆਂ ਵਲੋਂ ਸਰੀ ਪੁਲਿਸ ਟਰਾਂਜ਼ੀਸ਼ਨ ਖ਼ਿਲਾਫ਼ ਲੱਖਾਂ ਡਾਲਰ ਦੀ ਪ੍ਰਚਾਰ ਮੁਹਿੰਮ ਦੀ ਨਿੰਦਾ

ਸਰੀ-ਮੇਅਰ ਬਰੈਂਡਾ ਲੌਕ ਆਪਣੇ ਰਾਜਸੀ ਵਿਰੋਧੀ ਦਾ ਦਲੇਰੀ ਨਾਲ ਮੁਕਾਬਲਾ ਕਰ ਰਹੀ ਹੈ ਜਿਨ੍ਹਾਂ ਦਾ ਕਹਿਣਾ ਕਿ ਸ਼ਹਿਰ ਸਰੀ ਪੁਲਿਸ ਸਰਵਿਸ ਜਿਸ ਨੂੰ ਐਨਡੀਪੀ ਪੁਲਿਸ ਟਰਾਂਜ਼ੀਸ਼ਨ ਕਿਹਾ ਜਾ ਰਿਹਾ ਹੈ ਖਿਲਾਫ 5 ਲੱਖ ਡਾਲਰ ਦੀ ਪਬਲਿਕ ਰਿਲੇਸ਼ਨ ਮੁਹਿੰਮ ਇਕ ਮਹਿੰਗਾ ਰਾਜਸੀ ਪ੍ਰਚਾਰ ਹੈ ਜਿਸ ਲਈ ਪਹਿਲਾਂ ਹੀ ਬੋਝ ਹੇਠ ਆਏ ਕਰਦਾਤਾਵਾਂ ਦਾ ਪੈਸਾ ਖਰਚਿਆ ਜਾ ਰਿਹਾ ਹੈ। ਇਸ ਮੁਹਿੰਮ ਵਿਚ ਸੋਸ਼ਲ ਮੀਡੀਆ ਪੋਸਟਾਂ, ਪਰਿਵਾਰ ਨੂੰ ਸਿੱਧੀ ਮੇਲ ਅਤੇ ਇਲੈਕਟ੍ਰਾਨਿਕ ਬਿਲਬੋਰਡ ਡਿਸਪਲੇਅ ਸ਼ਾਮਿਲ ਹਨ ਜਿਨ੍ਹਾਂ ਦਾ ਸਿਰਲੇਖ ਹੈ ਕਿ ਐਨਡੀਪੀ ਪੁਲਿਸ ਟਰਾਂਜ਼ੀਸ਼ਨ ਲਈ ਤੁਹਾਨੂੰ ਹੋਰ ਖਰਚ ਕਰਨਾ ਪਵੇਗਾ, ਇਸ ਵਿਚ ਦਾਅਵਾ ਕੀਤਾ ਗਿਆ ਕਿ ਅਗਲੇ 10 ਸਾਲਾਂ ਵਿਚ 464 ਮਿਲੀਅਨ ਡਾਲਰ ਜ਼ਿਆਦਾ ਖਰਚ ਕਰਨਾ ਪਵੇਗਾ। ਦੁੱਗਣੇ ਦੋ ਅੰਕਾਂ ਵਿਚ ਟੈਕਸ ਵਾਧੇ ਦੀ ਪੇਸ਼ੀਨਗੋਈ ਕੀਤੀ ਗਈ ਜਿਸ ਦਾ ਮਤਲਬ ਸਕੂਲਾਂ, ਸਿਹਤ ਤੇ ਟਰਾਂਜ਼ਿਟ ਲਈ ਘੱਟ ਪੈਸੇ ਬਚਣਗੇ। ਕੌਂਸਲਰ ਲਿੰਡਾ ਐਨਿਸ ਆਖਦੀ ਹੈ ਕਿ ਇੰਨੇ ਵੱਡੇ ਖਰਚ ਦੀ ਗੱਲ ਓਪਨ ਕੌਂਸਲ ਮੀਟਿੰਗ ਵਿਚ ਕੌਂਸਲ ਦੇ ਸਾਹਮਣੇ ਆਉਣੀ ਚਾਹੀਦੀ ਹੈ। ਇਹ ਕਰਦਾਤਾਵਾਂ ਦੇ ਪੈਸੇ ਦੀ ਸੁਚੱਜੀ ਵਰਤੋਂ ਨਹੀਂ, ਖਾਸਕਰ ਉਸ ਸਮੇਂ ਜਦੋਂ ਉਸ ਨੂੰ ਗਲਤ ਜਾਣਕਾਰੀ ਵਾਂਗ ਮਹਿਸੂਸ ਹੁੰਦਾ ਹੋਵੇ ਕਿਉਂਕਿ ਇਹ ਕੌਂਸਲ ਦੇ ਸਾਹਮਣੇ ਆਏਗੀ ਕਿਸੇ ਵੀ ਗੱਲ 'ਤੇ ਆਧਾਰਤ ਨਹੀਂ। ਉਧਰ ਲੌਕ ਦਾ ਕਹਿਣਾ ਕਿ ਸ਼ਹਿਰ ਵਿਚ ਸ਼ਾਇਦ ਤਿੰਨ ਜਾਂ ਚਾਰ ਬਿਲਬੋਰਡ ਹਨ।









## ਤਨਮਨਜੋਤ ਗਿੱਲ 'ਤੇ ਓਨਟਾਰੀਓ ਵਿਚ ਗੋਲੀਬਾਰੀ ਦੇ ਦੋਸ਼ ਆਇਦ

ਸਰੀ-ਬਰੈਂਪਟਨ ਵਿਚ ਐਂਡੀ ਧੁੱਗਾ ਦੇ ਟਾਇਰਾਂ ਦੇ ਸ਼ੋਅਰੂਮ 'ਤੇ ਗੋਲੀਬਾਰੀ ਕਰਨ ਵਾਲੇ ਦੋ ਵਿਅਕਤੀਆਂ ਵਿਚੋਂ ਇਕ 23 ਸਾਲਾ ਤਨਮਨਜੋਤ ਗਿੱਲ 'ਤੇ ਅਪਰਾਧ ਕਰਕੇ ਪ੍ਰਾਪਟੀ ਕੋਲ ਰੱਖਣ, ਲਾਪਰਵਾਹੀ ਨਾਲ ਗੋਲੀ ਚਲਾਉਣ, ਮਨਾਹੀ ਵਾਲੇ ਲੋਡਿਡ ਅਗਨੀ ਸ਼ਾਸਤਰ ਕੋਲ ਰੱਖਣ, ਇਹ ਜਾਣਦੇ ਹੋਏ ਮੋਟਰ ਗੱਡੀ ਵਿਚ ਬੈਠਣਾ ਕਿ ਉਸ ਵਿਚ ਹਥਿਆਰ ਮੌਜੂਦ ਹਨ ਅਤੇ ਗੈਰਕਾਨੂੰਨੀ ਤੌਰ 'ਤੇ ਕੋਲ ਹਥਿਆਰ ਰੱਖਣ ਦੇ ਦੋਸ਼ ਲਗਾਏ ਗਏ ਹਨ। ਗਿੱਲ ਤੇ ਉਸ ਦੇ ਸਾਥੀ ਨੇ 9 ਦਸੰਬਰ ਨੂੰ ਤੜਕੇ 3.37 ਵਜੇ ਐਂਡੀ ਧੁੱਗਾ ਦੇ ਟਾਇਰ ਸ਼ੋਅ ਰੂਮ 'ਤੇ ਗੋਲੀਆਂ ਚਲਾਈਆਂ ਸਨ। ਇਸ ਘਟਨਾ ਵਿਚ ਕੋਈ ਵੀ ਵਿਅਕਤੀ ਜ਼ਖ਼ਮੀ ਨਹੀਂ ਹੋਇਆ। ਮੌਕੇ 'ਤੇ ਪੁੱਜੀ ਪੁਲਿਸ ਨੇ ਸ਼ੱਕੀਆਂ ਵਿਚੋਂ ਇਕ ਨੂੰ ਫੜ ਲਿਆ ਅਤੇ ਦੋ ਬੰਦੂਕਾਂ, ਇਕ ਲੋਡਿਡ ਮੈਗਜ਼ੀਨ ਤੇ ਅਸਲਾ ਬਰਾਮਦ ਕੀਤਾ। ਦੂਸਰਾ ਸ਼ੱਕੀ ਅਜੇ ਫਰਾਰ ਹੈ। ਬੀਸੀ ਪ੍ਰੋਵਿੰਸ਼ੀਅਲ ਕੋਰਟ ਡਾਟਾਬੇਸ ਮੁਤਾਬਿਕ ਐਬਟਸਫੋਰਡ ਵਿਚ 11 ਮਈ 2023 ਨੂੰ ਵਾਪਰੀ ਇਕ ਘਟਨਾ ਵਿਚ ਜਿਨ੍ਹਾਂ ਚਾਰ ਵਿਅਕਤੀਆਂ 'ਤੇ ਦੋਸ਼ ਆਇਦ ਕੀਤੇ ਗਏ ਸਨ ਉਨ੍ਹਾਂ ਵਿਚ ਗਿੱਲ ਸ਼ਾਮਿਲ ਸੀ। ਇਹ ਮਾਮਲਾ ਅਜੇ ਅਦਾਲਤਾਂ ਵਿਚ ਚਲ ਰਿਹਾ ਹੈ। ਇਸ ਘਟਨਾ ਵਿਚ ਗਿੱਲ ਸ਼ਰਾਰਤ ਕਰਨ, ਪੀਸ ਅਫਸਰ ਦੇ ਕੰਮ ਵਿਚ ਰੁਕਾਵਟ ਪਾਉਣ ਅਤੇ ਹਮਲੇ ਦੇ ਦੋ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।

# ਸਿੱਖ ਜੋੜੇ ਦੀ ਗੋਲੀ ਮਾਰ ਕੇ ਹੱਤਿਆ ਸ਼ਾਇਦ ਗਲਤ ਪਛਾਣ ਦਾ ਨਤੀਜਾ-ਪੁਲਿਸ

ਟੋਰਾਂਟੋ-ਪੁਲਿਸ ਨੇ ਕਿਹਾ ਕਿ ਭਾਰਤ ਤੋਂ ਸੈਲਾਨੀ ਵੀਜ਼ਾ 'ਤੇ ਕੈਨੇਡਾ ਆਏ ਸਿਖ ਜੋੜੇ ਜਿਸ ਦੀ ਪਿਛਲੇ ਮਹੀਨੇ ਓਨਟਾਰੀਓ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ ਸ਼ਾਇਦ ਗਲਤ ਪਛਾਣ ਦਾ ਨਤੀਜਾ ਸੀ। 21 ਨਵੰਬਰ ਨੂੰ ਗੋਲੀਬਾਰੀ ਪਿੱਛੋਂ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੇ ਅਫਸਰ ਅਤੇ ਪੈਰਾਮੈਡਿਕਸ ਕੈਲਡਨ-ਬਰੈਂਪਟਨ ਸਰਹੱਦ ਦੇ ਨਾਲ ਹਵਾਈ ਅੱਡ ਨੇੜੇ ਮੇਅਫੀਲਡ ਰੋਡ 'ਤੇ ਪੁੱਜੇ। ਮੌਕੇ 'ਤੇ ਪਹੁੰਚਣ ਪਿੱਛੋਂ ਉਨ੍ਹਾਂ ਦੇਖਿਆ ਕਿ 57 ਸਾਲਾ ਜਗਤਾਰ ਸਿੰਘ ਦੀ ਮੌਤ ਹੋ ਚੁੱਕੀ ਸੀ ਅਤੇ ਉਸ ਦੀ 55 ਸਾਲਾ ਪਤਨੀ ਅਤੇ ਉਨ੍ਹਾਂ ਦੀ ਧੀ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਹਰਭਜਨ ਕੌਰ ਦੀ ਜ਼ਖ਼ਮਾਂ ਦੀ ਤਾਬ ਨਾ ਝਲਦਿਆਂ ਹਸਪਤਾਲ ਵਿਚ ਮੌਤ ਹੋ ਗਈ ਜਦਕਿ ਉਨ੍ਹਾਂ ਦੀ ਧੀ ਟਰਾਮਾ ਸੈਂਟਰ ਵਿਚ ਜਿੰਦਗੀ ਲਈ ਸੰਘਰਸ਼ ਕਰ ਰਹੀ ਹੈ। ਡਿਟੈਕਟਿਵ ਇੰਸਪੈਕਟਰ ਬਰਾਇਨ ਮੈਕਡਰਮਟ ਨੇ ਇਕ ਅਖ਼ਬਾਰ ਨੂੰ ਦੱਸਿਆ ਕਿ ਜਾਂਚ ਅਧਿਕਾਰੀ ਇਨ੍ਹਾਂ ਹੱਤਿਆਵਾਂ ਦੇ ਸਾਰੇ ਪਹਿਲੂਆਂ ਦੀ ਜਾਂਚ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਕਿਸੇ ਪਹਿਲੂ ਦੀ ਪੱਕੀ ਪੁਸ਼ਟੀ ਕਰਨਾ ਅਜੇ ਸਮੇਂ ਤੋਂ ਪਹਿਲਾਂ ਦੀ ਗੱਲ ਹੈ। ਪੁਲਿਸ ਨੇ ਇਹ ਵੀ ਦੱਸਿਆ ਕਿ ਗੋਲੀਬਾਰੀ ਪਿੱਛੋਂ ਇਕ ਵਿਅਕਤੀ ਨੂੰ ਕਾਲੇ ਰੰਗ ਦੇ ਪਿਕ ਅੱਪ ਟਰੱਕ ਵਿਚ ਦਾਖਲ ਹੁੰਦ ਅਤੇ ਮੇਅਫੀਲਡ ਰੋਡ 'ਤੇ ਪੱਛਮ ਵਾਲੇ ਪਾਸੇ ਨੂੰ ਜਾਂਦਾ



ਦੇਖਿਆ ਹੈ। ਜੋੜੇ ਦਾ ਪੁੱਤਰ ਤੇ ਧੀ ਕੁਝ ਸਾਲ ਪਹਿਲਾਂ ਵਿਦਿਆਰਥੀ ਵੀਜ਼ਾ 'ਤੇ ਕੈਨੇਡਾ ਆਏ ਸਨ ਅਤੇ ਆਪਣੇ ਮਾਪਿਆਂ ਨੂੰ ਸੈਲਾਨੀ ਵਜੋਂ ਸਪਾਂਸਰ ਕੀਤਾ ਸੀ। ਫੰਡਰੇਜ਼ਿੰਗ ਪਲੇਟਫਾਰਮ 'ਤੇ ਪਾਈ ਪੋਸਟ ਵਿਚ ਪਰਿਵਾਰ ਦੇ ਇਕ ਦੋਸਤ ਪਰਮਵੀਰ ਸਿੰਘ ਨੇ ਦੱਸਿਆ ਕਿ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਨੇ ਪਰਿਵਾਰ 'ਤੇ ਉਸ ਸਮੇਂ 30 ਤੋਂ ਵੀ ਜ਼ਿਆਦਾ ਗੋਲੀਆਂ ਚਲਾਈਆਂ ਜਦੋਂ ਉਹ ਕੈਲਡਨ ਵਿਚ ਆਪਣੇ ਕਿਰਾਏ ਵਾਲੇ ਘਰ ਵਿਚ ਸੌਣ ਦੀ ਤਿਆਰੀ ਕਰ ਰਹੇ ਸਨ। ਕੌਰ ਦੇ ਸਰੀਰ 'ਤੇ 20 ਤੋਂ ਵੀ ਜ਼ਿਆਦਾ ਗੋਲੀਆਂ ਲੱਗੀਆਂ ਜਿਸ ਨੇ ਉਸ ਦੇ ਢਿੱਡ, ਬੱਚੇਦਾਨੀ, ਅੰਤੜੀ, ਲੱਤ, ਡਾਇਆਫ੍ਰਾਮ, ਗੁਰਦਿਆਂ ਤੇ ਫੇਫੜਿਆਂ ਨੂੰ ਨੁਕਸਾਨ ਪੁੱਜਾ। ਡਾਕਟਰਾਂ ਨੇ ਪਰਮਵੀਰ ਨੂੰ ਦੱਸਿਆ ਕਿ ਜੇਕਰ ਉਨ੍ਹਾਂ ਦੀ ਧੀ ਬਚ ਵੀ ਗਈ ਤਾਂ ਉਸ ਨੂੰ ਤੰਦਰੁਸਤ ਹੋਣ ਨੂੰ ਲੰਬਾ ਸਮਾਂ ਲੱਗੇਗਾ। ਉਹ ਘਟਨਾ ਪਿੱਛੋਂ ਡੂੰਘੇ ਸਦਮੇ ਵਿਚ ਹੈ ਅਤੇ ਗੰਭੀਰ ਰੂਪ ਵਿਚ ਜ਼ਖ਼ਮੀ ਹੈ ਅਤੇ ਉਸ ਸਮੇਂ ਤੋਂ ਇਕ ਵੀ ਸ਼ਬਦ ਨਹੀਂ ਬੋਲੀ। ਪਰਿਵਾਰ ਦੇ ਇਕ ਨੇੜਲੇ ਸੂਤਰ ਨੇ ਟੋਰਾਂਟੋ ਸਟਾਰ ਨੂੰ ਦੱਸਿਆ ਕਿ ਉਹ ਸਪਸ਼ਟ ਕਰਨਾ ਚਾਹੁੰਦੇ ਹਨ ਕਿ ਉਹ ਕਿਸੇ ਵੀ ਇਸ ਤਰ੍ਹਾਂ ਦੇ ਵਿਵਾਦ ਵਿਚ ਸ਼ਾਮਿਲ ਨਹੀਂ ਸੀ ਜਿਸ ਕਾਰਨ ਗੋਲੀਬਾਰੀ ਦੀ ਘਟਨਾ ਵਾਪਰੇ। ਸੂਤਰ ਨੇ ਉਨ੍ਹਾਂ ਨੂੰ ਨਿਰਦੋਸ਼ ਤੇ ਸਧਾਰਨ ਲੋਕ ਦੱਸਦਿਆਂ ਕਿਹਾ ਕਿ ਪੀੜਤਾਂ ਦਾ ਕਿਸੇ ਅਪਰਾਧਿਕ ਸਰਗਰਮੀ ਨਾਲ ਕੋਈ ਸਬੰਧ ਨਹੀਂ। ਸੂਤਰ ਨੇ ਦੱਸਿਆ ਕਿ ਪਰਿਵਾਰ ਦਾ ਮੰਨਣਾ ਕਿ ਹਮਲਾਵਰ ਜਿਹੜੇ ਉਨ੍ਹਾਂ ਦੇ ਘਰ ਆਏ ਕਿਸੇ ਹੋਰ ਵਿਅਕਤੀ ਦੀ ਭਾਲ ਵਿਚ ਸਨ। ਉਨ੍ਹਾਂ ਨੇ ਗਲਤੀ ਨਾਲ ਇਹ ਸੋਚ ਕੇ ਇਸ ਪਰਿਵਾਰ ਨੂੰ ਗੋਲੀ ਮਾਰ ਦਿੱਤੀ ਕਿ ਇਹ ਉਸ ਵਿਅਕਤੀ ਦਾ ਪਰਿਵਾਰ ਹੈ।

# 80 ਕਿਲੋ ਕੋਕੀਨ ਦੀ ਸਮੱਗਲਿੰਗ ਕਰਨ ਵਾਲਾ ਟਰੱਕ ਡਰਾਈਵਰ ਭਾਰਤ ਨੂੰ ਭੱਜ ਗਿਆ-ਪੁਲਿਸ

ਸਰੀ-ਪੁਲਿਸ ਸਰੀ ਦੇ ਟਰੱਕ ਡਰਾਈਵਰ ਰਾਜ ਮਹਿਮੀ ਦੀ ਭਾਲ ਕਰ ਰਹੀ ਹੈ ਜਿਸ ਬਾਰੇ ਉਨ੍ਹਾਂ ਦਾ ਕਹਿਣਾ ਕਿ ਉਹ ਕੈਨੇਡਾ ਨੂੰ 80 ਕਿਲੋ ਕੋਕੀਨ ਸਮੱਗਲ ਕਰਨ ਲਈ ਦੋਸ਼ੀ ਪਾਏ ਜਾਣ ਪਿੱਛੋਂ ਭਾਰਤ ਨੂੰ ਭੱਜ ਗਿਆ ਹੈ। 60 ਸਾਲਾ ਰਾਜ ਕੁਮਾਰ ਮਹਿਮੀ ਨੂੰ ਸਮੱਗਲਿੰਗ ਦੇ ਮਕਸਦ ਨਾਲ ਪੈਸੀਫਿਕ ਹਾਈਵੇਅ ਰਾਹੀਂ ਬੀਸੀ ਵਿਚ ਕੋਕੀਨ ਲਿਆਉਣ ਤੇ ਕੋਲ ਰੱਖਣ ਬਦਲੇ 15 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਮਹਿਮੀ ਸਤੰਬਰ 2022 ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ ਪਰ ਉਹ ਅਜੇ ਤਕ ਫਰਾਰ ਹੈ। ਉਸ ਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕੀਤਾ ਹੋਇਆ ਹੈ। ਬੀਸੀ ਆਰਸੀਐਮਪੀ ਦੀ ਰਿਲੀਜ਼ ਮੁਤਾਬਿਕ ਮਹਿਮੀ ਨੂੰ 6 ਨਵੰਬਰ 2017 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਦੇ ਸੇਮੀ-ਟਰੇਲਰ ਦੇ ਅੰਦਰੋ ਸੀਲਬੰਦ ਕੋਕੀਨ ਦੀਆਂ 80 ਇੱਟਾਂ ਮਿਲੀਆਂ ਸਨ। ਉਸ ਦਾ ਟਰੱਕ ਜ਼ਬਤ ਕਰ ਲਿਆ ਸੀ। ਉਸ ਸਮੇਂ ਇਸ ਪਦਾਰਥ ਦੀ ਕੀਮਤ 32 ਲੱਖ ਡਾਲਰ ਦੇ ਲਗਪਗ ਸੀ। ਮਹਿਮੀ ਨੂੰ 9 ਜਨਵਰੀ ਨੂੰ ਸਜ਼ਾ ਸੁਣਾਈ ਜਾਣੀ ਸੀ ਪਰ ਉਹ 11 ਅਕਤੂਬਰ 2022 ਨੂੰ ਵੈਨਕੂਵਰ ਤੋਂ ਭਾਰਤ ਲਈ




ਉਡਾਨ ਵਿਚ ਸਵਾਰ ਹੋ ਕੇ ਅਗਲੇ ਦਿਨ ਨਵੀਂ ਦਿੱਲੀ ਪੁੱਜ ਗਿਆ। ਉਹ ਸਜ਼ਾ ਲਈ ਸੁਣਵਾਈ ਸਮੇਂ ਅਦਾਲਤ ਵਿਚ ਪੇਸ਼ ਹੋਣ ਤੋਂ ਨਾਕਾਮ ਰਿਹਾ ਹੈ ਅਤੇ ਉਸ ਦੀ ਗੈਰਹਾਜ਼ਰੀ ਵਿਚ ਹੀ 15 ਸਤੰਬਰ ਨੂੰ ਸੁਣਵਾਈ ਹੋਈ। 2017 ਨੂੰ ਜਦੋਂ ਮਹਿਮੀ ਨੂੰ ਗ੍ਰਿਫ਼ਤਾਰ ਕੀਤਾ ਸੀ ਤਾਂ ਪੁਲਿਸ ਨੇ ਉਸ ਦਾ ਪਾਸਪੋਰਟ ਜ਼ਬਤ ਕਰ ਲਿਆ ਸੀ ਪਰ ਉਹ ਇਸ ਪਿੱਛੋਂ ਨਵਾਂ ਪਾਸਪੋਰਟ ਅਪਲਾਈ ਕਰਨ ਵਿਚ ਸਫਲ ਰਿਹਾ। ਬੀਸੀ ਆਰਸੀਐਮਪੀ ਦੇ ਕਾਰਪੋਰਲ ਅਰਸ਼ ਸਈਦ ਨੇ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਉਸ ਨੇ ਪਹਿਲਾਂ ਵੀ ਸਫਰ ਕੀਤਾ ਅਤੇ ਹਮੇਸ਼ਾ ਕੈਨੇਡਾ ਵਾਪਸ ਆਉਂਦਾ ਰਿਹਾ ਹੈ ਪਰ ਜਦੋਂ ਉਹ ਕਸੂਰਵਾਰ ਪਾਇਆ ਗਿਆ ਤਾਂ ਕੈਨੇਡਾ ਤੋਂ ਭੱਜ ਗਿਆ। ਜਦੋਂ ਇਹ ਪੁੱਛਿਆ ਗਿਆ ਕਿ ਮਹਿਮੀ ਦੇ ਉਡਾਣ ਭਰਨ ਦੇ ਖ਼ਤਰੇ ਬਾਰੇ ਕਿਉਂ ਨਹੀਂ ਸੋਚਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਪ੍ਰਕਿਰਿਆ ਦਾ ਉਨ੍ਹਾਂ ਕੋਲ ਵੇਰਵਾ ਨਹੀਂ। ਸਈਦ ਨੇ ਦੱਸਿਆ ਕਿ ਮਹਿਮੀ ਦੀ ਟਰੱਕ ਵਿਚੋਂ ਜ਼ਬਤ ਕੋਕੀਨ ਦੀ ਜ਼ਿਆਦਾ ਮਾਤਰਾ ਹੋਣ ਕਾਰਨ ਨਸ਼ੀਲਾ ਪਦਾਰਥ ਕਿਸੇ ਸੰਗਠਿਤ ਅਪਰਾਧ ਨਾਲ ਜੁੜਿਆ ਹੋ ਸਕਦਾ ਹੈ ਪਰ ਇਸ ਦਾ ਅਜੇ ਪੁਸ਼ਟੀ ਨਹੀਂ ਕੀਤੀ ਜਾ ਸਕਦੀ। ਪੁਲਿਸ ਨੇ ਉਸ ਦੀ ਗ੍ਰਿਫ਼ਤਾਰੀ ਲਈ ਇੰਟਰਪੋਲ ਰੈੱਡ ਨੋਟਿਸ ਜਾਰੀ ਕੀਤਾ ਹੈ।

## 27 ਸਾਲਾ ਨੌਜਵਾਨ ਪਵਨਦੀਪ ਸਿੰਘ ਲਾਪਤਾ



ਸਰੀ-ਆਰਸੀਐਮਪੀ 27 ਸਾਲਾ ਵਿਅਕਤੀ ਪਵਨਦੀਪ ਸਿੰਘ ਨੂੰ ਲੱਭਣ ਲਈ ਜਨਤਾ ਤੋਂ ਮਦਦ ਮੰਗ ਰਹੀ ਹੈ। ਉਸ ਨੂੰ ਆਖਰੀ ਵਾਰ ਪੰਜ ਨਵੰਬਰ ਨੂੰ 171ਏ ਸਟਰੀਟ ਦੇ 8400 ਬਲਾਕ ਵਿਚ ਦੇਖਿਆ ਗਿਆ ਸੀ। ਉਸ ਨੇ 20 ਨਵੰਬਰ ਨੂੰ ਪਰਿਵਾਰ ਨੂੰ ਫੋਨ ਕੀਤਾ ਸੀ। ਉਸ ਦੇ ਲਾਪਤਾ ਹੋਣ ਦੀ 25 ਨਵੰਬਰ ਨੂੰ ਸੂਚਨਾ ਮਿਲੀ। ਪੁਲਿਸ ਨੇ ਦੱਸਿਆ ਕਿ ਉਸ ਦਾ ਪਰਿਵਾਰ ਉਸ ਦੀ ਰਾਜ਼ੀ ਖੁਸ਼ੀ ਨੂੰ ਲੈ ਕੇ ਚਿੰਤਤ ਹੈ। ਪੁਲਿਸ ਨੇ ਕਿਹਾ ਕਿ ਜੇਕਰ ਸਿੰਘ ਬਾਰੇ ਕਿਸੇ ਨੂੰ ਜਾਣਕਾਰੀ ਹੋਵੇ ਤਾਂ ਉਹ ਸਰੀ ਆਰਸੀਐਮਪੀ ਨਾਲ 604-599-0502 ਜਾਂ ਕਰਾਈਮ ਸਟਾਪਰਜ਼ ਨਾਲ 1-800-222-8477 'ਤੇ ਸੰਪਰਕ ਕਰੋ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਮੈਨੀਟੋਬਾ ਵਿਚ ਟਰੱਕ ਪਲਟਣ ਨਾਲ ਸਰੀ ਦੇ 54 ਸਾਲਾ ਵਿਅਕਤੀ ਦੀ ਮੌਤ




ਵਿਨੀਪੈਗ-ਮਨੀਟੋਬਾ ਵਿਚ ਆਰਸੀਐਮਪੀ ਨੇ ਦੱਸਿਆ ਕਿ ਪਿਛਲੇ ਦਿਨੀ ਹਾਈਵੇਅ ਇਕ ਦੇ ਬਰਫ ਵਾਲੇ ਹਿੱਸੇ 'ਤੇ ਇਕ ਸੇਮੀ-ਟਰੇਲਰ ਦੇ ਫਿਸਲ ਕੇ ਪਲਟ ਜਾਣ ਕਾਰਨ ਸਰੀ ਦੇ ਇਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਦੂਸਰਾ ਮਾਮੂਲੀ ਜ਼ਖ਼ਮੀ ਹੋ ਗਿਆ। ਇਹ ਦੁਰਘਟਨਾ ਸਵੇਰੇ 6 ਵਜੇ ਦੇ ਕਰੀਬ ਫਾਲਕਨ ਲੇਕ ਤੋਂ ਲਗਪਗ 8 ਕਿਲੋਮੀਟਰ ਦੂਰ ਹੋਈ। ਜਾਂਚ ਅਧਿਕਾਰੀਆਂ ਨੇ ਦੇਖਿਆ ਕਿ ਪੂਰਬ ਵਾਲੇ ਪਾਸੇ ਨੂੰ ਜਾ ਰਿਹਾ ਸੇਮੀ-ਟਰੇਲਰ ਜਿਸ ਵਿਚ ਦੋ ਵਿਅਕਤੀ ਸਵਾਰ ਸਨ ਹਾਈਵੇਅ ਤੋਂ ਫਿਸਲ ਕੇ ਇਕ ਖੱਡ ਵਿਚ ਡਿਗ ਕੇ ਪਲਟ ਗਿਆ। ਸੇਮੀ-ਟਰੇਲਰ ਦੇ 54 ਸਾਲਾ ਡਰਾਈਵਰ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨਿਆਂ ਗਿਆ। ਪੁਲਿਸ ਮੁਤਾਬਿਕ ਉਸ ਨੇ ਸੀਟ ਬੈਲਟ ਨਹੀਂ ਸੀ ਪਹਿਨੀ ਹੋਈ। ਟਰੱਕ ਵਿਚ ਸਵਾਰ 22 ਸਾਲਾ ਪੈਸੰਜਰ ਮਾਮੂਲੀ ਜ਼ਖ਼ਮੀ ਹੋ ਗਿਆ। ਪੀੜਤਾਂ ਬਾਰੇ ਹੋਰ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

# ਬੀ.ਸੀ. ਕੰਸਰਵੇਟਿਵ ਆਗੂ ਰਸਟਡ ਦੇ ਤੀਸਰੀ ਦੁਨੀਆਂ ਦੇ ਅਪਰਾਧ ਸੰਬੰਧੀ ਟਿੱਪਣੀ ਦੀ ਨਿਖੇਧੀ

ਸਰੀ-ਕੇਲੋਵਨਾ ਤੋਂ ਐਮਐਲਏ ਰੇਨੀ ਮੈਰੀਫੀਲਡ ਨੇ ਬੀ. ਸੀ. ਦੇ ਕੰਸਰਵੇਟਿਵ ਪਾਰਟੀ ਦੇ ਨੇਤਾ ਜੌਹਨ ਰੁਸਟੈਡ ਦੇ ਤੀਸਰੇ ਦੁਨੀਆਂ ਦੇ ਅਪਰਾਧ ਸਬੰਧੀ ਟਿੱਪਣੀਆਂ ਦੀ ਨਿਖੇਧੀ ਕੀਤੀ ਅਤੇ ਉਨ੍ਹਾਂ ਨੂੰ ਅਪਮਾਨਜਨਕ ਆਖਿਆ ਹੈ। ਰੁਸਟੈਡ ਨੇ ਇਹ ਟਿੱਪਣੀਆਂ ਪੰਜ ਦਸੰਬਰ ਨੂੰ ਟਾਊਨ ਹਾਲ ਮੀਟਿੰਗ ਵਿਚ ਸ਼ਾਮਿਲ ਹੋਣ ਪਿੱਛੋਂ ਕੀਤੀਆਂ ਜਿਥੇ ਮੀਟਿੰਗ ਵਿਚ ਸ਼ਾਮਿਲ ਵਿਅਕਤੀਆਂ ਨੇ ਦੱਸਿਆ ਕਿ ਐਬਟਸਫੋਰਡ, ਸਰੀ ਅਤੇ ਵੈਨਕੂਵਰ ਵਿਚ ਕਾਰੋਬਾਰਾਂ ਨੂੰ ਫਿਰੌਤੀ ਲਈ ਧਮਕੀ ਭਰੇ ਪੱਤਰ ਭੇਜੇ ਜਾ ਰਹੇ ਹਨ। ਮੀਟਿੰਗ ਪਿੱਛੋਂ ਰੁਸਟੈਡ ਨੇ ਐਕਸ ਜਿਸ ਨੂੰ ਪਹਿਲਾਂ ਟਵਿੱਟਰ ਕਿਹਾ ਜਾਂਦਾ ਸੀ 'ਤੇ ਲਿਖਿਆ ਕਿ ਸਥਾਨਕ ਦੱਖਣੀ ਏਸ਼ੀਅਨ ਕਾਰੋਬਾਰੀ ਮਾਲਕਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਤੀਸਰੀ ਦੁਨੀਆਂ ਤੋਂ ਕੈਨੇਡਾ ਆ ਰਹੇ ਅਪਰਾਧ ਤੋਂ ਚਿੰਤਤ ਹਨ। ਰੁਸਟੈਡ ਦੀ ਟਵੀਟ ਪਿੱਛੋਂ ਭਾਰਤੀ ਮੂਲ ਦੇ ਲੋਕਾਂ ਨੇ ਕੈਪੀਟਲ ਨਿਊਜ਼ ਨਾਲ ਗੱਲਬਾਤ ਕਰਦਿਆਂ ਥਰਡ ਵਰਲਡ ਕਰਾਈਮ ਟਿੱਪਣੀ 'ਤੇ ਚਿੰਤਾ ਜ਼ਾਹਿਰ ਕੀਤੀ। ਪ੍ਰਤੀਕਿਰਿਆ ਦੇ ਡਰ ਕਾਰਨ ਇਨ੍ਹਾਂ ਵਿਅਕਤੀਆਂ ਨੇ ਆਪਣਾ ਨਾਂਅ ਗੁਪਤ ਰੱਖਿਆ। ਉਨ੍ਹਾਂ ਦੱਸਿਆ ਕਿ ਦੱਖਣੀ ਏਸ਼ੀਅਨ ਮੂਲ ਦੇ ਲੋਕਾਂ ਵਲੋਂ ਕੀਤੇ ਅਪਰਾਧਾਂ ਦਾ ਦੂਸਰੇ ਸਾਰੇ ਅਪਰਾਧਾਂ ਨਾਲੋ ਫਰਕ ਕਰਨ ਨਾਲ ਬੀਸੀ ਕਮਿਊਨਿਟੀ ਵਿਚ ਮਤਭੇਦ ਪੈਦਾ ਹੋ ਸਕਦੇ ਹਨ। ਉਨ੍ਹਾਂ ਦੱਸਿਆ ਕਿ ਤੀਸਰੀ ਦੁਨੀਆਂ ਦੇ ਅਪਰਾਧ ਦੇ ਠੱਪਾ ਪਹਿਲਾਂ ਹੀ ਮੌਜੂਦ ਨਸਲਵਾਦ ਨੂੰ ਲੰਬੇ ਸਮੇਂ ਤਕ ਕਾਇਮ ਰੱਖ ਸਕਦਾ ਹੈ। ਕੇਲੋਵਨਾ-ਮਿਸ਼ਨ ਤੋਂ ਬੀਸੀ ਯੂਨਾਈਟਡ ਦੀ ਐਮਐਲਏ ਮੈਰੀਫੀਲਡ ਨੇ ਕਿਹਾ ਕਿ ਉਹ ਇਸ ਸ਼ਬਦ ਨੂੰ ਰੱਦ ਕਰਦੀ ਹੈ ਅਤੇ ਰੁਸਟੈਡ ਦੀ ਬਿਆਨ ਦੀ ਨਿਖੇਧੀ ਕਰਦੀ ਹੈ। ਉਨ੍ਹਾਂ ਕਿਹਾ ਕਿ ਰੁਸਟੈਡ ਵਲੋਂ ਦੱਖਣੀ ਏਸ਼ੀਅਨ ਕਮਿਊਨਿਟੀ ਨੂੰ ਤੀਸਰੀ ਦੁਨੀਆਂ ਵਜੋਂ ਚਿਤਰਣਨਾ ਨਿੰਦਣਯੋਗ ਹੈ। ਇਹ ਨਸਲੀ ਪੱਖਪਾਤ ਦੀ ਗੱਲ ਨੂੰ ਦਰਸਾਉਂਦਾ ਹੈ। ਉਸ ਨੇ ਸਪਸ਼ਟ ਕੀਤਾ ਕਿ ਸਾਰੇ ਅਪਰਾਧ ਇਕੋ ਜਿਹੇ ਹੁੰਦੇ ਹਨ ਅਤੇ ਇਨ੍ਹਾਂ ਵਿਚ ਵੰਡ ਪੈਦਾ ਕਰਨੀ ਬੇਲੋੜੀ ਅਤੇ ਸੰਭਾਵਤ ਨੁਕਸਾਨ ਵਾਲੀ ਹੁੰਦੀ ਹੈ।




# ਨਿਊਟਨ ਵਿਚ ਇਕ ਵਿਅਕਤੀ ਦੀ ਮੋਟਰ ਗੱਡੀ 'ਚ ਭੇਦਭਰੀ ਹਾਲਤ 'ਚ ਮੌਤ



ਸਰੀ-ਨਿਊਟਨ ਵਿਚ ਇਕ ਵਿਅਕਤੀ ਦੀ ਮੋਟਰ ਗੱਡੀ ਵਿਚ ਭੇਦਭਰੀ ਹਾਲਤ ਵਿਚ ਮੌਤ ਹੋ ਗਈ। ਸਰੀ ਆਰਸੀਐਮਪੀ ਦੇ ਕੰਸਟੇਬਲ ਪਰਮਬੀਰ ਕਾਹਲੋਂ ਨੇ ਦੱਸਿਆ ਕਿ ਸਰੀ ਆਰਸੀਐਮਪੀ ਅਤੇ ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਮੌਤ ਦੇ ਹਾਲਾਤ ਅਤੇ ਇਸ ਨਾਲ ਕਿਸੇ ਅਪਰਾਧਿਕ ਗੱਲ ਦੇ ਜੁੜੇ ਹੋਣ ਸਬੰਧੀ ਜਾਂਚ ਕਰ ਰਹੀ ਹੈ। ਪੁਲਿਸ ਨੂੰ 62 ਐਵੀਨਊ ਦੇ 12100 ਬਲਾਕ ਵਿਖੇ ਇਕ ਸ਼ੱਕੀ ਮੋਟਰ ਗੱਡੀ ਨੂੰ ਲੈ ਕੇ ਸੱਦਿਆ ਗਿਆ ਸੀ। ਮੌਕੇ 'ਤੇ ਪਹੁੰਚਣ ਪਿੱਛੋਂ ਪੁਲਿਸ ਨੇ ਮੋਟਰ ਗੱਡੀ ਵਿਚ ਇਕ ਵਿਅਕਤੀ ਦੀ ਲਾਸ਼ ਦੇਖੀ। ਪੁਲਿਸ ਲੋਕਾਂ ਨੂੰ ਇਸ ਸਬੰਧੀ ਕੋਈ ਵੀ ਜਾਣਕਾਰੀ ਹੋਣ 'ਤੇ 1-877-551 ਆਈਐਚਆਈਟੀ (4448) ਜਾਂ ਈਮੇਲ 'ਤੇ ਸੰਪਰਕ ਕਰਨ ਲਈ ਕਹਿ ਰਹੀ ਹੈ।

# ਅਲਬਰਟਾ ਸਰਕਾਰ ਵਲੋਂ ਕੈਨੇਡਾ ਪੈਨਸ਼ਨ ਪਲੈਨ ਐਗਜ਼ਿਟ ਕਾਨੂੰਨ ਵਿਚ ਪ੍ਰਸਤਾਵਤ ਸੋਧਾਂ ਰੱਦ

ਐਡਮਿੰਟਨ-ਅਲਬਰਟਾ ਦੀ ਪ੍ਰੀਮੀਅਰ ਡੇਨੀਅਲ ਸਮਿਥ ਦੀ ਸਰਕਾਰ ਨੇ ਸੋਧ ਸਬੰਧੀ ਉਸ ਤਜਵੀਜ਼ ਨੂੰ ਰੱਦ ਕਰ ਦਿੱਤਾ ਹੈ ਜਿਸ ਵਿਚ ਅਲਬਰਟਾ ਨੂੰ ਇਸ ਰਾਏਸ਼ੁਮਾਰੀ ਦੇ ਨਤੀਜਿਆਂ ਦਾ ਸਨਮਾਨ ਕਰਨ ਲਈ ਮਜ਼ਬੂਰ ਕੀਤਾ ਗਿਆ ਸੀ ਕਿ ਕੀ ਅਲਬਰਟਾ ਨੂੰ ਕੈਨੇਡਾ ਪੈਨਸ਼ਨ ਯੋਜਨਾ ਛੱਡਣੀ ਚਾਹੀਦੀ ਹੈ ਜਾਂ ਨਹੀਂ। ਯੂਨਾਈਟਡ ਕੰਸਰਵੇਟਿਵ ਸਰਕਾਰ ਨੇ ਆਪਣੇ ਬਹੁਮਤ ਦੀ ਵਰਤੋਂ ਕਰਦਿਆਂ ਵਿਰੋਧੀ ਧਿਰ ਐਨਡੀਪੀ ਦੀ ਬਿਲ 2- ਅਲਬਰਟਾ ਪੈਨਸ਼ਨ ਪ੍ਰੋਟੈਕਸ਼ਨ ਐਕਟ ਵਿਚ ਸੋਧ ਸਬੰਧੀ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਜਿਸ ਨਾਲ ਸਰਕਾਰ ਨੇ ਇਸ ਤਰ੍ਹਾਂ ਦੀ ਰਾਏਸ਼ੁਮਾਰੀ ਦੇ ਨਤੀਜਿਆਂ ਦੀ ਪਾਲਣਾ ਕਰਨ ਲਈ ਮਜ਼ਬੂਰ ਹੋ ਜਾਣਾ ਸੀ। ਵਿੱਤੀ ਮੰਤਰੀ ਨੇਟ ਹਾਰਨਰ ਨੇ ਕਿਹਾ ਕਿ ਬਿੱਲ 2 ਦਾ ਉਦੇਸ਼ ਭਵਿੱਖ ਦੀਆਂ ਸਰਕਾਰਾਂ ਦਾ ਹੱਥ ਨਾ ਬੰਨ੍ਹਦੇ ਹੋਏ ਰਾਏਸ਼ੁਮਾਰੀ ਦੀ ਪ੍ਰਕਰਿਆ ਮੁਹੱਈਆ ਕਰਨਾ ਹੈ। ਹਾਰਨਰ ਨੇ ਐਨਡੀਪੀ ਦੀ ਸੋਧ ਨੂੰ ਅਸਪਸ਼ਟ, ਉਲਝਣ ਵਾਲੀ ਅਤੇ ਦੁਹਰਾਉਣ ਵਾਲੀ ਕਹਿ ਕੇ ਰੱਦ ਕਰ ਦਿੱਤਾ। ਉਨ੍ਹਾਂ ਸਦਨ ਨੂੰ ਦੱਸਿਆ ਕਿ ਰਾਏਸ਼ੁਮਾਰੀ ਵਿਚ ਜੋ ਵੀ ਅਲਬਰਟਾ ਵਾਸੀ ਪਸੰਦ ਕਰਨਗੇ ਸਾਡੀ ਸਰਕਾਰ ਉਸ ਦਾ ਸਨਮਾਨ ਕਰੇਗੀ। ਉਸ ਨੂੰ ਪਤਾ ਹੈ ਕਿ ਕੁਝ ਅਲਬਰਟਾ ਵਾਸੀ ਅਲਬਰਟਾ ਪੈਨਸ਼ਨ ਪਲੈਨ ਨੂੰ ਲੈ ਕੇ ਚਿੰਤਤ ਹਨ ਪਰ ਉਨ੍ਹਾਂ ਨੂੰ ਯਕੀਨ ਦਿਵਾਉਣਾ ਚਾਹੁੰਦਾ ਹੈ ਕਿ ਉਨ੍ਹਾਂ ਦੀ ਪੈਨਸ਼ਨ ਸੁਰੱਖਿਅਤ ਹੈ। ਰਾਏਸ਼ੁਮਾਰੀ ਬਿੱਲ ਦਾ ਮੁੱਖ ਕੇਂਦਰ ਹੈ ਜਿਸ ਨੂੰ ਪਿਛਲੇ ਮਹੀਨੇ ਹਾਰਨਰ ਨੇ ਪੇਸ਼ ਕੀਤਾ ਸੀ। ਬਿੱਲ ਸਰਕਾਰ ਨੂੰ ਰਾਏਸ਼ੁਮਾਰੀ ਕਰਵਾਉਣ ਲਈ ਮਜ਼ਬੂਰ ਕਰਦਾ ਹੈ ਪਰ ਇਹ ਸਰਕਾਰ ਨੂੰ ਰਾਏਸ਼ੁਮਾਰੀ ਕਰਵਾਉਣ ਪਿੱਛੋਂ ਇਹ ਫੈਸਲਾ ਕਰਨ ਦਾ ਵੀ ਵਿਕਲਪ ਦਿੰਦਾ ਹੈ ਕਿ ਇਹ ਉਸ ਨੂੰ ਸਵੀਕਾਰ ਕਰਨ ਅਤੇ ਨਤੀਜੇ 'ਤੇ ਅਮਲ ਕਰਨ ਲਈ ਕਾਨੂੰਨੀ ਤੌਰ 'ਤੇ ਪਾਬੰਦ ਹੋਵੇਗੀ ਜਾਂ ਨਹੀਂ। ਐਨਡੀਪੀ ਦੇ ਵਿੱਤ ਆਲੋਚਕ ਸ਼ੈਨਨ ਫਿਲਪ ਨੇ ਸੋਧ ਪੇਸ਼ ਕਰਦਿਆਂ ਕਿਹਾ ਕਿ ਅਲਬਰਟਾ ਵਾਸੀਆਂ ਨੂੰ ਲਿਖਤੀ ਰੂਪ ਵਿਚ ਇਹ ਦੇਖਣ ਦੀ ਲੋੜ ਹੈ ਕਿ ਉਨ੍ਹਾਂ ਦੀ ਰਾਏਸ਼ੁਮਾਰੀ ਦੀਆਂ ਇਛਾਵਾਂ ਦੀ ਪਾਲਣਾ ਕੀਤੀ ਜਾਵੇਗੀ।



# ਦੁਰਵਿਵਹਾਰ ਲਈ ਹਾਊਸ ਆਫ ਕਾਮਨਜ਼ ਦੇ ਸਪੀਕਰ ਗਰੈਗ ਫਰਗਸ ਨੂੰ ਜ਼ੁਰਮਾਨਾ ਕੀਤਾ ਜਾਵੇ-ਐਨਡੀਪੀ

ਓਟਵਾ-ਐਨਡੀਪੀ ਦੇ ਹਾਊਸ ਨੇਤਾ ਦਾ ਕਹਿਣਾ ਕਿ ਸਪੀਕਰ ਗਰੇਗ ਫਰਗਸ ਨੂੰ ਓਨਟਾਰੀਓ ਲਿਬਰਲਜ਼ ਦੇ ਸਾਬਕਾ ਅੰਤਰਿਮ ਨੇਤਾ ਨੂੰ ਵੀਡੀਓ ਸ਼ਰਧਾਂਜਲੀ ਦੇਣ ਬਦਲੇ ਜ਼ੁਰਮਾਨਾ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਉਨ੍ਹਾਂ ਦੀ ਨਿਰਪੱਖਤਾ 'ਤੇ ਸਵਾਲ ਖੜੇ ਹੁੰਦੇ ਹਨ। ਐਨਡੀਪੀ ਨੇਤਾ ਪੀਟਰ ਜੁਲੀਅਨ ਨੇ ਇਹ ਨਹੀਂ ਦੱਸਿਆ ਕਿ ਕਿੰਨਾ ਜ਼ੁਰਮਾਨਾ ਢੁਕਵਾਂ ਹੋਵੇਗਾ। ਸਪੀਕਰ ਦੇ ਅਹੁਦੇ 'ਤੇ ਬੈਠੇ ਵਿਅਕਤੀ ਨੂੰ ਇਕ ਐਮਪੀ ਦੇ ਮੂਲ ਤਨਖਾਹ 194600 ਡਾਲਰ ਤੋਂ ਇਲਾਵਾ 92800 ਡਾਲਰ ਹੋਰ ਮਿਲਦੇ ਹਨ। ਜੁਲੀਅਨ ਨੇ ਪਾਰਲੀਮੈਂਟ ਹਿਲ ਵਿਖੇ ਪੱਤਰਕਾਰਾਂ ਨੂੰ ਦੱਸਿਆ ਕਿ ਸਾਡਾ ਵਿਸ਼ਵਾਸ਼ ਹੈ ਕਿ ਵਿੱਤੀ ਜ਼ੁਰਮਾਨਾ ਲਾਜ਼ਮੀ ਹੈ, ਇਸੇ ਕਾਰਨ ਅਸੀਂ ਇਸ 'ਤੇ ਜ਼ੋਰ ਦੇ ਰਹੇ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਜੋ ਕੁਝ ਫਰਗਸ ਨੇ ਪ੍ਰੋਸੀਜ਼ਰ ਐਂਡ ਹਾਊਸ ਅਫੇਅਰਜ਼ ਕਮੇਟੀ ਦੀ ਸੁਣਵਾਈ ਤੋਂ ਪਹਿਲਾਂ ਕਾਮਨਜ਼ ਵਿਚ ਕੀਤਾ ਉਸ ਲਈ ਸਪੀਕਰ ਵਲੋਂ ਮੁਆਫੀ ਮੰਗਣੀ ਵੀ ਠੀਕ ਹੈ। ਇਸ ਹਫ਼ਤੇ ਗਵਾਹਾਂ ਦੇ ਬਿਆਨ ਸੁਣਨ ਪਿੱਛੋਂ ਐਮਪੀਜ਼ ਦੀ ਕਮੇਟੀ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਉਸ ਵਲੋਂ ਛੇਤੀ ਹੀ ਰਿਪੋਰਟ ਜਾਰੀ ਕੀਤੇ ਜਾਣ ਦੀ ਆਸ ਹੈ। ਐਨਡੀਪੀ ਦੇ ਐਲਾਨ ਦਾ ਮਤਲਬ ਪਾਰਟੀ ਅਤੇ ਬਹੁਤੇ ਲਿਬਰਲਜ਼ ਐਪੀ ਸਪੀਕਰ ਨੂੰ ਦੂਸਰੇ ਮਹੀਨੇ ਵੀ ਅਹੁਦੇ 'ਤੇ ਬਿਠਾਈ ਰੱਖਣ ਦਾ ਸਮਰਥਨ ਕਰ ਰਹੇ ਹਨ। ਸਤੰਬਰ ਵਿਚ ਪਹਿਲੇ ਸਪੀਕਰ ਐਂਥਨੀ ਰੋਟਾ ਵਲੋਂ ਅਹੁਦੇ ਤੋਂ ਹਟਣ ਪਿੱਛੋਂ ਐਮਪੀਜ਼ ਨੇ ਫਰਗਸ ਨੂੰ ਸਪੀਕਰ ਬਣਾਉਣ ਦੇ ਪੱਖ ਵਿਚ ਵੋਟ ਦਿੱਤਾ ਸੀ। ਇਸੇ ਦੌਰਾਨ ਅਧਿਕਾਰਤ ਵਿਰੋਧੀ ਧਿਰ ਕੰਸਰਵੇਟਿਵ ਅਤੇ ਬਲਾਕ ਕਿਊਬਕ ਦੇ ਐਮਪੀਜ਼ ਉਸ ਤੋਂ ਅਸਤੀਫੇ ਦੀ ਮੰਗ ਕਰ ਰਹੇ ਹਨ। ਦੋਵਾਂ ਪਾਰਟੀਆਂ ਦੇ ਕੁਲ 149 ਐਮਪੀਜ਼ ਹਨ।









## ਨਸ਼ਾ ਤਸਕਰੀ ਕੇਸਾਂ ’ਚ ਪੰਜਾਬੀ ਔਰਤਾਂ ਦੀ ਗਿਣਤੀ ਸਭ ਤੋਂ ਵੱਧ

ਚੰਡੀਗੜ੍ਹ-ਦੇਸ਼ ‘ਚ ਨਸ਼ਾ ਤਸਕਰੀ ਦੇ ਕਾਰੋਬਾਰ ਵਿੱਚ ਪੰਜਾਬੀ ਔਰਤਾਂ ਸਿਖਰ ‘ਤੇ ਹਨ। ਸਮੁੱਚੇ ਮੁਲਕ ਵਿੱਚ ਨਸ਼ਾ ਤਸਕਰੀ ਦੇ ਦੋਸ਼ ਹੇਠ ਗ੍ਰਿਫ਼ਤਾਰ ਹੋਣ ਵਾਲੀਆਂ ਮਹਿਲਾਵਾਂ ਵਿੱਚ ਸਭ ਤੋਂ ਵੱਧ ਗਿਣਤੀ ਪੰਜਾਬੀ ਔਰਤਾਂ ਦੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਤਿੰਨ ਵਰ੍ਹਿਆਂ ਵਿੱਚ ਦੇਸ਼ ਭਰ ਵਿੱਚ ਐੱਨਡੀਪੀਐੱਸ ਐਕਟ ਤਹਿਤ 9631 ਔਰਤਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ‘ਚ 3,164 (32.85 ਫ਼ੀਸਦ) ਔਰਤਾਂ ਪੰਜਾਬੀ ਹਨ। ਪੰਜਾਬ ਦੇ ਦਰਜਨਾਂ ਪਿੰਡ ਅਜਿਹੇ ਹਨ, ਜਿੱਥੇ ਔਰਤਾਂ ‘ਤੇ ਨਸ਼ਾ ਤਸਕਰੀ ਦੇ ਜ਼ਿਆਦਾ ਕੇਸ ਦਰਜ ਹਨ। ਕੌਮੀ ਕ੍ਰਾਈਮ ਰਿਕਾਰਡ ਬਿਊਰੋ ਦੇ ਤੱਥਾਂ ਅਨੁਸਾਰ ਸਾਲ 2022 ਵਿੱਚ ਦੇਸ਼ ਭਰ ‘ਚ ਐੱਨਡੀਪੀਐੱਸ ਐਕਟ ਤਹਿਤ 4000 ਔਰਤਾਂ ਦੀ ਗ੍ਰਿਫ਼ਤਾਰੀ ਹੋਈ ਹੈ ਅਤੇ ਪੰਜਾਬ ਵਿੱਚ ਇਹ ਅੰਕੜਾ 1,448 ਔਰਤਾਂ ਦਾ ਹੈ। ਦੂਸਰੇ ਨੰਬਰ ‘ਤੇ ਤਾਮਿਲਨਾਡੂ ‘ਚ 490 ਤੇ ਹਰਿਆਣਾ ਵਿੱਚ 337 ਔਰਤਾਂ ਫੜੀਆਂ ਗਈਆਂ ਹਨ। ਸਾਲ 2021 ਵਿਚ ਸਮੁੱਚੇ ਮੁਲਕ ‘ਚ 3,104 ਔਰਤਾਂ ਇਸ ਦੋਸ਼ ਹੇਠ ਫੜੀਆਂ ਗਈਆਂ ਸਨ, ਜਦਕਿ ਪੰਜਾਬ ਵਿੱਚ 928 ਔਰਤਾਂ ਦੀ ਗ੍ਰਿਫ਼ਤਾਰੀ ਹੋਈ ਸੀ। ਇਸੇ ਤਰ੍ਹਾਂ ਸਾਲ 2020 ਵਿੱਚ ਗ੍ਰਿਫ਼ਤਾਰ ਹੋਈਆਂ ਕੁਲ 2527 ਔਰਤਾਂ ‘ਚੋਂ ਪੰਜਾਬ ਵਿੱਚ ਫੜੀਆਂ ਗਈਆਂ ਔਰਤਾਂ ਦਾ ਅੰਕੜਾ 788 ਸੀ। ਤਿੰਨਾਂ ਵਰ੍ਹਿਆਂ ਦੌਰਾਨ ਸਭ ਤੋਂ ਵੱਧ ਗ੍ਰਿਫ਼ਤਾਰੀ ਪੰਜਾਬੀ ਔਰਤਾਂ ਦੀ ਹੋਈ ਹੈ। ਇਸ ਤੋਂ ਪਹਿਲਾਂ ਔਰਤਾਂ ਸਰਕਾਰੀ ਸ਼ਰਾਬ ਦੇ ਠੇਕਿਆਂ ਦੇ ਕਾਰੋਬਾਰ ਵਿੱਚ ਵੀ ਕੁੱਦੀਆਂ ਹਨ। ਇੱਕ ਜੇਲ੍ਹ ਅਧਿਕਾਰੀ ਨੇ ਦੱਸਿਆ ਕਿ ਜੇਲ੍ਹਾਂ ‘ਚ ਬੰਦ ਔਰਤਾਂ ‘ਚੋਂ ਬਹੁਗਿਣਤੀ ਐੱਨਡੀਪੀਐੱਸ ਕੇਸਾਂ ਤਹਿਤ ਆਈਆਂ ਹਨ। ਪੰਜਾਬ ਦੀਆਂ ਜੇਲ੍ਹਾਂ ਦੀ ਸਮਰੱਥਾ ਇਸ ਵੇਲੇ 26,556 ਬੰਦੀਆਂ ਦੀ ਹੈ, ਜਦਕਿ ਇਨ੍ਹਾਂ ਵਿੱਚ ਇਸ ਵੇਲੇ 31,218 (117.55 ਫ਼ੀਸਦ) ਕੈਦੀ ਬੰਦ ਹਨ। ਇਨ੍ਹਾਂ ‘ਚ ਔਰਤਾਂ ਦੀ ਗਿਣਤੀ 1497 ਹੈ। ਬਾਰਡਰ ਰੇਂਜ ਦੇ ਡੀਆਈਜੀ ਨਰਿੰਦਰ ਭਾਰਗਵ ਦਾ ਕਹਿਣਾ ਹੈ ਕਿ ਬਹੁਤੀਆਂ ਔਰਤਾਂ ਦੇ ਪਤੀ ਨਸ਼ੇੜੀ ਹੁੰਦੇ ਹਨ ਤੇ ਉਨ੍ਹਾਂ ਨੂੰ ਮਜਬੂਰੀ ਹੇਠ ਇਹ ਕੰਮ ਕਰਨਾ ਪੈਂਦਾ ਹੈ। ਬਹੁਤੇ ਕੇਸਾਂ ਵਿੱਚ ਨਸ਼ਾ ਤਸਕਰੀ ਦਾ ਕੰਮ ਪਤੀ ਪਤਨੀ ਦੋਵੇਂ ਕਰਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਦੋਨਾਖੁਰਦ, ਮੁਕਤਸਰ ਦੇ ਪਿੰਡ ਝੋਰੜ, ਬਠਿੰਡਾ ਦੇ ਪਿੰਡ ਬੀੜ ਤਲਾਬ ਆਦਿ ‘ਚ ਕਈ ਔਰਤਾਂ ‘ਤੇ ਦੋ ਤੋਂ ਜ਼ਿਆਦਾ ਕੇਸ ਦਰਜ ਹਨ।

## ਸ਼ਮੀ ਅਰਜੁਨ ਐਵਾਰਡ ਤੇ ਸਾਤਵਿਕ-ਚਿਰਾਗ ਖੇਡ ਰਤਨ ਪੁਰਸਕਾਰ ਲਈ ਨਾਮਜ਼ਦ



ਨਵੀਂ ਦਿੱਲੀ-ਇੱਕ ਰੋਜ਼ਾ ਵਿਸ਼ਵ ਕੱਪ ‘ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਤੇਜ਼ ਗੇਂਦਬਾਜ਼ ਮੁਹੰਮਦ ਸ਼ਮੀ ਨੂੰ ਅਰਜੁਨ ਪੁਰਸਕਾਰ ਜਦਕਿ ਸਾਤਵਿਕਸਾਈਰਾਜ ਰੰਕੀਰੈੱਡੀ ਅਤੇ ਚਿਰਾਗ ਸ਼ੈੱਟੀ ਦੀ ਬੈਡਮਿੰਟਨ ਪੁਰਸ਼ ਡਬਲਜ਼ ਜੋੜੀ ਨੂੰ ਮੇਜਰ ਧਿਆਨ ਚੰਦ ਖੇਡ ਰਤਨ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। 33 ਸਾਲਾ ਤੇਜ਼ ਗੇਂਦਬਾਜ਼ ਸ਼ਮੀ ਨੇ ਇੱਕ ਰੋਜ਼ਾ ਵਿਸ਼ਵ ਕੱਪ ‘ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ ਹਾਲਾਂਕਿ ਭਾਰਤ ਨੂੰ ਇਸ ਟੂਰਨਾਮੈਂਟ ਦੇ ਫਾਈਨਲ ‘ਚ ਆਸਟਰੇਲੀਆ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਖੇਡ ਮੰਤਰਾਲੇ ਦੇ ਸੂਤਰਾਂ ਮੁਤਾਬਕ ਬੀਸੀਸੀਆਈ ਨੇ ਸ਼ਮੀ ਦਾ ਨਾਂ ਸੂਚੀ ‘ਚ ਸ਼ਾਮਲ ਕਰਨ ਲਈ ਵਿਸ਼ੇਸ਼ ਬੇਨਤੀ ਕੀਤੀ ਸੀ। ਇਸ ਤੋਂ ਪਹਿਲਾਂ ਉਸ ਦਾ ਨਾਂ ਦੇਸ਼ ਦੇ ਦੂਜੇ ਸਰਬਉੱਚ ਖੇਡ ਪੁਰਸਕਾਰ ਲਈ ਨਾਮਜ਼ਦ ਖਿਡਾਰੀਆਂ ਦੀ ਸੂਚੀ ਵਿੱਚ ਸ਼ਾਮਲ ਨਹੀਂ ਸੀ। ਸ਼ਮੀ ਨੇ ਇੱਕ ਰੋਜ਼ਾ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ 24 ਵਿਕਟਾਂ (ਸੱਤ ਮੈਚਾਂ ਵਿੱਚ) ਲਈਆਂ ਸਨ। ਸ਼ਮੀ ਤੋਂ ਇਲਾਵਾ ਪੁਰਸ਼ ਹਾਕੀ ਖਿਡਾਰੀ ਕ੍ਰਿਸ਼ਨਾ ਬਹਾਦੁਰ ਪਾਠਕ ਅਤੇ ਸੁਸ਼ੀਲਾ ਚਾਨੂ, ਤੀਰਅੰਦਾਜ਼ ਓਜਸ ਪ੍ਰਵੀਨ ਦਿਓਤਲੇ ਅਤੇ ਆਦਿਤੀ ਗੋਪੀਚੰਦ ਸਵਾਮੀ, ਬਲਾਈਂਡ ਕ੍ਰਿਕਟਰ ਅਜੈ ਰੈੱਡੀ, ਮੁੱਕੇਬਾਜ਼ ਮੁਹੰਮਦ ਹਸਾਮੁਦੀਨ, ਸ਼ਤਰੰਜ ਖਿਡਾਰਨ ਆਰ ਵੈਸ਼ਾਲੀ, ਗੋਲਫਰ ਦੀਕਸ਼ਾ ਡਾਗਰ, ਨਿਸ਼ਾਨੇਬਾਜ਼ ਐਸ਼ਵਰਿਆ ਪ੍ਰਤਾਪ ਸਿੰਘ ਤੋਮਰ, ਪਹਿਲਵਾਨ ਅੰਤਿਮ ਪੰਘਾਲ, ਲਾਅਨ ਬਾਲ ਖਿਡਾਰਨ ਪਿੰਕੀ ਅਤੇ ਟੇਬਲ ਟੈਨਿਸ ਖਿਡਾਰੀ ਅਯਹਿਕਾ ਮੁਖਰਜੀ ਨੂੰ ਵੀ ਅਰਜੁਨ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਇਸੇ ਤਰ੍ਹਾਂ ਗਣੇਸ਼ ਪ੍ਰਭਾਕਰਨ (ਮਲਖੰਬ), ਮਹਾਵੀਰ ਸੈਣੀ (ਪੈਰਾ ਅਥਲੈਟਿਕਸ), ਲਲਿਤ ਕੁਮਾਰ (ਕੁਸ਼ਤੀ), ਆਰ.ਬੀ ਰਮੇਸ਼ (ਸ਼ਤਰੰਜ) ਅਤੇ ਸ਼ਿਵੇਂਦਰ ਸਿੰਘ (ਹਾਕੀ) ਨੂੰ ਦਰੋਣਾਚਾਰੀਆ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਕਵਿਤਾ (ਕਬੱਡੀ), ਮੰਜੂਸ਼ਾ ਕੰਵਰ (ਬੈਡਮਿੰਟਨ) ਅਤੇ ਵਿਨੀਤ ਕੁਮਾਰ ਸ਼ਰਮਾ (ਹਾਕੀ) ਧਿਆਨ ਚੰਦ ਲਾਈਫਟਾਈਮ ਐਵਾਰਡ ਲਈ ਨਾਮਜ਼ਦ ਹਨ।

## ਕੇਂਦਰੀ ਜਲ ਮੰਤਰੀ ਨੇ ਐੱਸਵਾਈਐੱਲ ਬਾਰੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ 28 ਨੂੰ ਚੰਡੀਗੜ੍ਹ ‘ਚ ਮੀਟਿੰਗ ਸੱਦੀ

ਚੰਡੀਗੜ੍ਹ-ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਅੱਜ ਇਥੇ ਦੱਸਿਆ ਕਿ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ ‘ਤੇ ਚਰਚਾ ਕਰਨ ਲਈ 28 ਦਸੰਬਰ ਨੂੰ ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਬੁਲਾਈ ਹੈ। ਸ੍ਰੀ ਖੱਟਰ ਨੇ ਕਿਹਾ ਕਿ ਚੰਡੀਗੜ੍ਹ ਵਿੱਚ ਹੋਣ ਵਾਲੀ ਮੀਟਿੰਗ ਵਿੱਚ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਤੋਂ ਇਲਾਵਾ ਦੋਵਾਂ ਰਾਜਾਂ ਦੇ ਅਧਿਕਾਰੀ ਵੀ ਸ਼ਾਮਲ ਹੋਣਗੇ।ਉਨ੍ਹਾਂ ਇਥੇ ਪੱਤਰਕਾਰਾਂ ਨੂੰ ਕਿਹਾ, ‘ਐੱਸਵਾਈਐੱਲ ਗੰਭੀਰ ਮਾਮਲਾ ਹੈ। ਕੇਂਦਰੀ ਮੰਤਰੀ ਜਲ ਸ਼ਕਤੀ ਗਜੇਂਦਰ ਸਿੰਘ ਸ਼ੇਖਾਵਤ ਨੇ ਇਸੇ ਮਾਮਲੇ ‘ਤੇ 28 ਦਸੰਬਰ ਨੂੰ ਚੰਡੀਗੜ੍ਹ ਵਿੱਚ ਮੀਟਿੰਗ ਸੱਦੀ ਹੈ। ਦੋਵਾਂ ਸੂਬਿਆਂ ਦੇ ਮੁੱਖ ਮੰਤਰੀ ਅਤੇ ਜਲ ਸ਼ਕਤੀ ਮੰਤਰੀ ਇਸ ਵਿੱਚ ਹਿੱਸਾ ਲੈਣਗੇ।

## ਲੜਕੀ ਦੇ ਕਤਲ ਦੇ ਦੋਸ਼ ਹੇਠ ਪਿਤਾ ਤੇ ਚਾਚਾ ਗ੍ਰਿਫ਼ਤਾਰ

ਖਨੌਰੀ-ਥਾਣਾ ਖਨੌਰੀ ਪੁਲੀਸ ਨੇ ਦੋ ਵਿਅਕਤੀਆਂ ਨੂੰ ਬਾਰ੍ਹਵੀਂ ਜਮਾਤ ਦੀ ਲੜਕੀ ਨੂੰ ਫਾਹਾ ਲਾ ਕੇ ਮਾਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਸ਼ੇਰ ਸਿੰਘ ਅਤੇ ਬਿਕਰਮ ਸਿੰਘ ਵਜੋਂ ਹੋਈ ਹੈ, ਜੋ ਲੜਕੀ ਦੇ ਪਿਤਾ ਅਤੇ ਚਾਚਾ ਲੱਗਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਲੜਕੀ ਦੀ ਇੱਕ ਲੜਕੇ ਨਾਲ ਦੋਸਤੀ ਸੀ ਜਿਸ ਦਾ ਪਤਾ ਲੱਗਣ ‘ਤੇ ਲੜਕੀ ਦੇ ਪਰਿਵਾਰ ਵਾਲਿਆਂ ਨੇ ਕਰੀਬ ਛੇ ਮਹੀਨੇ ਪਹਿਲਾਂ ਉਸ ਦਾ ਰਿਸ਼ਤਾ ਹਰਿਆਣਾ ਦੇ ਇੱਕ ਪਿੰਡ ਵਿੱਚ ਕਰ ਦਿੱਤਾ ਸੀ। ਬੀਤੀ 26 ਅਕਤੂਬਰ ਨੂੰ ਪਰਿਵਾਰ ਨੂੰ ਖ਼ਬਰ ਮਿਲੀ ਸੀ ਕਿ ਲੜਕੀ ਦੇ ਸਕੂਲ ਦੇ ਬਾਹਰ ਉਸ ਦਾ ਮਿੱਤਰ ਖੜ੍ਹਾ ਸੀ ਅਤੇ ਦੋਵੇਂ ਘਰੋਂ ਭੱਜਣ ਦੀ ਕੋਸ਼ਿਸ਼ ਵਿੱਚ ਸਨ। ਇਸ ਮਗਰੋਂ ਲੜਕੀ ਦੇ ਪਿਤਾ ਤੇ ਚਾਚੇ ਨੇ ਲੜਕੀ ਨੂੰ ਘਰ ਲਿਆ ਕੇ ਉਸ ਦਾ ਕਥਿਤ ਤੌਰ ‘ਤੇ ਕਤਲ ਕਰ ਦਿੱਤਾ ਤੇ ਲਾਸ਼ ਦਾ ਸਸਕਾਰ ਵੀ ਕਰ ਦਿੱਤਾ। ਪੁਲੀਸ ਨੂੰ ਕਿਸੇ ਮੁਖਬਰ ਰਾਹੀਂ ਸੂਚਨਾ ਮਿਲੀ ਸੀ ਜਿਸ ਦੀ ਜਾਂਚ ਮਗਰੋਂ ਅੱਜ ਪੁਲੀਸ ਨੇ ਉਕਤ ਦੋਵੇਂ ਮੁਲਜ਼ਮਾਂ ਨੂੰ ਕਾਬੂ ਕਰਕੇ ਕੇਸ ਦਰਜ ਕਰ ਲਿਆ ਹੈ।

## ਪਿੰਡ ਲੰਡੇ ਦੇ ਨੌਜਵਾਨ ਦੀ ਮਨੀਲਾ ’ਚ ਗੋਲੀਆਂ ਮਾਰ ਕੇ ਹੱਤਿਆ

ਸਮਾਲਸਰ-ਇਥੋਂ ਦੇ ਪਿੰਡ ਲੰਡੇ ਦੇ ਨੌਜਵਾਨ ਦੀ ਬੀਤੀ ਦੇਰ ਰਾਤ ਮਨੀਲਾ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਪਿੰਡ ਪੁੱਜਣ ‘ਤੇ ਲਾਸ਼ ਦਾ ਸਸਕਾਰ ਕੀਤਾ ਜਾਵੇਗਾ। ਨੇੜਲੇ ਪਿੰਡ ਲੰਡੇ ਦੇ ਸਾਬਕਾ ਪੰਚ ਨੇ ਦੱਸਿਆ ਕਿ ਹਾਕਮ ਸਿੰਘ ਸਰਾ ਦੇ ਦੋ ਲੜਕੇ ਲੱਖਾ ਅਤੇ ਸੁਖਚੈਨ ਸਿੰਘ ਉਰਫ਼ ਚੈਨਾ ਫਿਲਪੀਨਜ਼ ਵਿਚ ਰੋਜ਼ੀ ਰੋਟੀ ਲਈ ਗਏ ਸਨ। ਲੱਖਾ ਪਿਛਲੇ ਦਿਨੀਂ ਘਰ ਵਿਚ ਆਖੰਡ ਪਾਠ ਦੇ ਭੋਗ ਸਬੰਧੀ ਪਿੰਡ ਆ ਗਿਆ ਸੀ। ਚੈਨਾ ਅਤੇ ਲੰਡੇ ਪਿੰਡ ਦਾ ਇਕ ਹੋਰ ਲੜਕਾ ਬੀਤੀ ਦੇਰ ਰਾਤ ਮਨੀਲਾ ਵਿਚ ਮਾਲ ਤੋਂ ਸਾਮਾਨ ਖਰੀਦ ਕੇ ਵਾਪਸ ਆ ਰਹੇ ਸਨ ਤਾਂ ਹਮਲਾਵਰਾਂ ਨੇ ਚੈਨੇ ਦੇ ਸਿਰ ਵਿਚ ਕਈ ਗੋਲੀਆਂ ਮਾਰ ਦਿੱਤੀਆਂ, ਜਦ ਕਿ ਦੂਜੇ ਲੜਕੇ ਦਾ ਬਚਾਅ ਹੋ ਗਿਆ।

## ਭਾਰਤ ਵੱਲੋਂ ਗਾਜ਼ਾ ’ਚ ਜੰਗਬੰਦੀ ਦੀ ਮੰਗ ਸਬੰਧੀ ਮਤੇ ਦੀ ਹਮਾਇਤ ’ਚ ਵੋਟਿੰਗ

ਸੰਯੁਕਤ ਰਾਸ਼ਟਰ-ਭਾਰਤ ਨੇ ਸੰਯੁਕਤ ਰਾਸ਼ਟਰ ਮਹਾਸਭਾ ‘ਚ ਪੇਸ਼ ਕੀਤੇ ਗਏ ਉਸ ਮਤੇ ਦੀ ਹਮਾਇਤ ‘ਚ ਵੋਟ ਪਾਈ ਜਿਸ ‘ਚ ਮਾਨਵੀ ਸਹਾਇਤਾ ਯਕੀਨੀ ਬਣਾਉਣ ਅਤੇ ਸਾਰੇ ਬੰਧਕਾਂ ਦੀ ਬਿਨਾਂ ਸ਼ਰਤ ਰਿਹਾਈ ਲਈ ਇਜ਼ਰਾਈਲ-ਹਮਾਸ ਵਿਚਕਾਰ ਜਾਰੀ ਜੰਗ ਰੋਕਣ ਦੀ ਮੰਗ ਕੀਤੀ ਗਈ ਹੈ। ਮਹਾਸਭਾ ਦੇ ਐਮਰਜੈਂਸੀ ਸਪੈਸ਼ਲ ਸੈਸ਼ਨ ‘ਚ ਮਿਸਰ ਵੱਲੋਂ ਪੇਸ਼ ਕੀਤੇ ਗਏ ਮਤੇ ਨੂੰ ਮੰਗਲਵਾਰ ਨੂੰ ਜ਼ੋਰਦਾਰ ਸਮਰਥਨ ਮਿਲਿਆ। ਮਤੇ ਦੀ ਹਮਾਇਤ ‘ਚ 193 ‘ਚੋਂ 153 ਮੈਂਬਰਾਂ ਨੇ ਵੋਟਿੰਗ ਕੀਤੀ ਜਦਕਿ 10 ਨੇ ਇਸ ਦਾ ਵਿਰੋਧ ਕੀਤਾ ਅਤੇ 23 ਹੋਰ ਮੈਂਬਰ ਵੋਟਿੰਗ ‘ਚੋਂ ਗ਼ੈਰਹਾਜ਼ਰ ਰਹੇ। ਮਤੇ ਦੇ ਸਪਾਂਸਰਾਂ ‘ਚ ਅਲਜੀਰੀਆ, ਬਹਿਰੀਨ, ਇਰਾਕ, ਕੁਵੈਤ, ਓਮਾਨ, ਕਤਰ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਅਤੇ ਫਲਸਤੀਨ ਵੀ ਸ਼ਾਮਲ ਸਨ। ਮਤੇ ‘ਚ ਗਾਜ਼ਾ ‘ਚ ਮਾਨਵੀ ਸਹਾਇਤਾ ਦੀ ਸਪਲਾਈ ਯਕੀਨੀ ਬਣਾਉਣ ਲਈ ਫੌਰੀ ਜੰਗਬੰਦੀ ਦੀ ਮੰਗ ਕੀਤੀ ਗਈ। ਇਸ ਮਤੇ ‘ਚ ਇਹ ਮੰਗ ਦੁਹਰਾਈ ਗਈ ਕਿ ਸਾਰੀਆਂ ਧਿਰਾਂ ‘ਖਾਸ ਕਰਕੇ ਨਾਗਰਿਕਾਂ ਦੀ ਸੁਰੱਖਿਆ ਦੇ ਸਬੰਧ ‘ਚ’ ਕੌਮਾਂਤਰੀ ਕਾਨੂੰਨਾਂ ਤਹਿਤ ਆਪਣੇ ਫ਼ਰਜ਼ਾਂ ਦਾ ਪਾਲਣ ਕਰਨ। ਮਤੇ ‘ਚ ਸਾਰੇ ਬੰਧਕਾਂ ਦੀ ਫੌਰੀ ਅਤੇ ਬਿਨਾਂ ਸ਼ਰਤ ਰਿਹਾਈ ਦੇ ਨਾਲ ਨਾਲ ਮਾਨਵੀ ਮਦਦ ਦੀ ਸਪਲਾਈ ਯਕੀਨੀ ਬਣਾਉਣ ਦੀ ਵੀ ਮੰਗ ਕੀਤੀ ਗਈ। ਮਤੇ ‘ਚ ਹਮਾਸ ਦਾ ਨਾਮ ਨਹੀਂ ਲਿਆ ਗਿਆ ਸੀ ਅਤੇ ਅਮਰੀਕਾ ਨੇ ਇਸ ‘ਚ ਸੋਧ ਦੀ ਮੰਗ ਕੀਤੀ। ਉਸ ਨੇ ਮੁੱਖ ਖਰੜੇ ‘ਚ ਇਹ ਪੈਰਾਗ੍ਰਾਫ ਸ਼ਾਮਲ ਕੀਤੇ ਜਾਣ ਦੀ ਅਪੀਲ ਕੀਤੀ ਕਿ 7 ਅਕਤੂਬਰ ਨੂੰ ਇਜ਼ਰਾਈਲ ‘ਚ ਹੋਏ ਹਮਾਸ ਦੇ ਵਹਿਸ਼ੀ ਅਤਿਵਾਦੀ ਹਮਲਿਆਂ ਅਤੇ ਲੋਕਾਂ ਨੂੰ ਬੰਧਕ ਬਣਾਏ ਜਾਣ ਦੀ ਸਪੱਸ਼ਟ ਤੌਰ ‘ਤੇ ਨਿੰਦਾ ਕੀਤੀ ਜਾਂਦੀ ਹੈ ਅਤੇ ਹਮਲਿਆਂ ਨੂੰ ਖਾਰਜ ਕੀਤਾ ਜਾਂਦਾ ਹੈ। ਭਾਰਤ ਨੇ ਇਸ ਸੋਧ ਦੇ ਪੱਖ ‘ਚ ਵੋਟ ਪਾਈ ਸੀ। ਇਸ ਤੋਂ ਪਹਿਲਾਂ ਅਕਤੂਬਰ ‘ਚ ਮਹਾਸਭਾ ‘ਚ ਰੱਖੇ ਗਏ ਮਤੇ ਦੌਰਾਨ ਭਾਰਤ ਗ਼ੈਰਹਾਜ਼ਰ ਰਿਹਾ ਸੀ। ਉਸ ਸਮੇਂ ਮਤੇ ਦੀ ਹਮਾਇਤ ‘ਚ 120 ਅਤੇ ਵਿਰੋਧ ‘ਚ 14 ਵੋਟਾਂ ਪਈਆਂ ਸਨ ਜਦਕਿ 45 ਮੁਲਕ ਗ਼ੈਰਹਾਜ਼ਰ ਰਹੇ ਸਨ। ਸੰਯੁਕਤ ਰਾਸ਼ਟਰ ਮਹਾਸਭਾ ‘ਚ ਮੰਗਲਵਾਰ ਨੂੰ ਮਤੇ ‘ਤੇ ਉਸ ਸਮੇਂ ਵੋਟਿੰਗ ਹੋਈ ਹੈ ਜਦੋਂ ਸ਼ੁੱਕਰਵਾਰ ਨੂੰ 15 ਮੈਂਬਰੀ ਸਲਾਮਤੀ ਕੌਂਸਲ ਦੇ 13 ਮੈਂਬਰਾਂ ਨੇ ਮਤੇ ਦੇ ਪੱਖ ‘ਚ ਵੋਟ ਪਾਈ ਸੀ ਪਰ ਅਮਰੀਕਾ ਨੇ ਇਸ ਨੂੰ ਵੀਟੋ ਕਰ ਦਿੱਤਾ ਸੀ ਅਤੇ ਇੰਗਲੈਂਡ ਗ਼ੈਰਹਾਜ਼ਰ ਰਿਹਾ ਸੀ।






# ਫਿਰੌਤੀ ਲਈ ਧਮਕੀ ਪੱਤਰ ਤੇ ਗੋਲੀਬਾਰੀ ਦੀਆਂ ਘਟਨਾਵਾਂ

## ਸਰਕਾਰ ਤੇ ਪੁਲਿਸ ਦੀ ਕਾਰਗੁਜਾਰੀ ਉਪਰ ਪ੍ਰਸ਼ਨ ਚਿੰਨ...

**ਸੁਖਵਿੰਦਰ ਸਿੰਘ ਚੋਹਲਾ**

ਯਕੀਨ ਨਹੀਂ ਆਉਂਦਾ ਕਿ ਅਸੀਂ ਸੁਪਨਿਆਂ ਦੀ ਧਰਤੀ ਤੇ ਮਾਨਵੀ ਹੱਕਾਂ ਦੇ ਅਲੰਬਰਦਾਰ ਮੁਲਕ ਦੀ ਗੱਲ ਕਰ ਰਹੇ ਹਾਂ ਜਾਂ ਕਿਸੇ ਜੰਗਲ ਰਾਜ ਦੀ। ਕੈਨੇਡਾ ਵਿਚ ਪੰਜਾਬੀਆਂ ਦੀ ਘਣੀ ਆਬਾਦੀ ਵਾਲੇ ਸ਼ਹਿਰਾਂ ਵਿਚ ਮਿਹਨਤੀ ਪੰਜਾਬੀਆਂ ਦੇ ਸ਼ਾਹੀ ਠਾਠ- ਬਾਠ ਅਤੇ ਅਮੀਰ ਸਭਿਆਚਾਰਕ ਰਵਾਇਤਾਂ ਦੀ ਬਾਤ ਪਾਉਂਦੇ ਅਸੀ ਫੁੱਲੇ ਨਹੀ ਸਮਾਉਂਦੇ। ਪਰ ਅੱਜ ਇਹਨਾਂ ਸ਼ਹਿਰਾਂ ਵਿਚ ਜੋ ਸੁਣਦਾ ਤੇ ਵਾਪਰਦਾ ਨਜ਼ਰ ਆਉਂਦਾ ਹੈ, ਉਹ ਬਹੁਤ ਹੀ ਚਿੰਤਾਜਨਕ ਤੇ ਸ਼ਰਮਸ਼ਾਰ ਕਰਨ ਵਾਲਾ ਹੈ। ਪਿਛਲੇ ਲਗਪਗ ਇਕ ਮਹੀਨੇ ਤੋਂ ਸਥਾਨਕ ਪੰਜਾਬੀ ਰੇਡੀਓ ਸਟੇਸ਼ਨਾਂ ਅਤੇ ਸੋਸ਼ਲ ਮੀਡੀਆ ਉਪਰ ਇਹ ਚਰਚਾ ਜੋਰਾਂ ਤੇ ਹੈ ਕਿ ਸਰੀ, ਵੈਨਕੂਵਰ ਅਤੇ ਐਬਸਫੋਰਡ ਦੇ ਕਈ ਕਾਰੋਬਾਰੀਆਂ ਨੂੰ ਗੈਂਗਸਟਰਾਂ ਵਲੋਂ ਫਿਰੌਤੀ ਲਈ ਧਮਕੀ ਪੱਤਰ ਭੇਜੇ ਜਾਂ ਰਹੇ ਹਨ ਜਾਂ ਫੋਨ ਕਾਲਾਂ ਰਾਹੀਂ ਪੈਸੇ ਦੇਣ ਲਈ ਧਮਕਾਇਆ ਜਾ ਰਿਹਾ ਹੈ। ਗੈਂਗਸਟਰਾਂ ਵਲੋਂ ਆਪਣੀਆਂ ਧਮਕੀਆਂ ਨੂੰ ਸੱਚ ਸਾਬਿਤ ਕਰਨ ਲਈ ਕਾਰੋਬਾਰੀਆਂ ਦੇ ਘਰਾਂ ਉਪਰ ਗੋਲੀਬਾਰੀ ਕਰਕੇ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਜੇ ਇਹ ਗੋਲੀਆਂ ਘਰ ਦੀਆਂ ਦੀਵਾਰਾਂ ਵਿੰਨ ਸਕਦੀਆਂ ਤਾਂ ਘਰ ਦਾ ਕੋਈ ਜੀਅ ਵੀ ਨਿਸ਼ਾਨਾ ਬਣ ਸਕਦਾ ਹੈ। ਐਬਸਫੋਰਡ ਵਿਚ ਇਕ ਕਾਰੋਬਾਰੀ ਦੇ ਘਰ ਉਪਰ ਪਿਛਲੀ 4 ਨਵੰਬਰ ਨੂੰ ਹੋਈ ਗੋਲੀਬਾਰੀ ਦੀ ਪੁਲਿਸ ਵਲੋਂ ਪੁਸ਼ਟੀ ਕੀਤੀ ਗਈ ਹੈ। ਇਸ ਉਪਰੰਤ ਇਕ ਉਘੇ ਫਿਲਮੀ ਕਲਾਕਾਰ ਦੇ ਵਾਈਟਰੌਕ ਸਥਿਤ ਘਰ ਉਪਰ ਗੋਲੀਬਾਰੀ ਕੀਤੇ ਜਾਣ ਦੀ ਪੋਸਟ ਸੋਸ਼ਲ ਮੀਡੀਆ ਉਪਰ ਵਾਇਰਲ ਹੋਈ। ਭਾਵੇਂਕਿ ਬਾਦ ਵਿਚ ਸਪੱਸ਼ਟ ਹੋਇਆ ਹੈ ਕਿ ਉਕਤ ਕਲਾਕਾਰ ਵਾਈਟ ਰੌਕ ਤੋਂ ਸ਼ਿਫਟ ਹੋਕੇ ਨਾਰਥ ਵੈਨਕੂਵਰ ਚਲਾ ਗਿਆ ਹੈ। ਇਸ ਲਈ ਗੋਲੀਬਾਰੀ ਦੀ ਇਸ ਘਟਨਾ ਨੂੰ ਇਕ ਅਫਵਾਹ ਵਜੋ ਲਿਆ ਗਿਆ। ਇਸੇ ਦੌਰਾਨ ਕਲਾਕਾਰ ਵਲੋਂ ਖੁਦ ਕੈਮਰੇ ਸਾਹਮਣੇ ਆਕੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਗਿਆ ਕਿ ਸਚਮੁੱਚ ਉਸਦੇ ਨਾਰਥ ਵੈਨਕੂਵਰ ਸਥਿਤ ਘਰ ਉਪਰ ਗੋਲੀਬਾਰੀ ਹੋਈ ਹੈ ਜਿਸ ਦੌਰਾਨ ਉਸਦੀ ਕਾਰ ਵੀ ਨੁਕਸਾਨੀ ਗਈ ਹੈ।

ਸਰੀ ਦੇ ਭਾਰੀ ਰੌਣਕ ਵਾਲੇ ਪਾਇਲ ਸੈਂਟਰ ਵਿਚ ਸਥਿਤ ਇਕ ਮਨੀ ਐਕਸਚੇਂਜ ਵਾਲੇ ਨੂੰ ਦਿਨ ਦਿਹਾੜੇ ਬੰਦੂਕ ਦੀ ਨੋਕ ਤੇ ਲੁੱਟ ਲਏ ਜਾਣ ਤੇ ਫਿਰ ਇਕ ਜਿਊਲਰੀ ਸ਼ਾਪ ਉਪਰ ਗੋਲੀਆਂ ਮਾਰਨ ਦੀ ਘਟਨਾ ਉਪਰੰਤ ਸਥਾਨਕ ਪੁਲਿਸ ਨੇ ਘਟਨਾਵਾਂ ਦੀ ਪੁਸ਼ਟੀ ਕੀਤੀ। ਇਸਤੋਂ ਪਹਿਲਾ ਪੁਲਿਸ ਬੁਲਾਰੇ ਦਾ ਕਹਿਣਾ ਸੀ ਕਿ ਉਹਨਾਂ ਪਾਸ ਫਿਰੌਤੀਆਂ ਲਈ ਧਮਕੀ ਪੱਤਰ ਜਾਂ ਕਿਸੇ ਕਾਰੋਬਾਰੀ ਤੋਂ ਫਿਰੌਤੀ ਲਏ ਜਾਣ ਦੀ ਕਿਸੇ ਘਟਨਾ ਦੀ ਨਾ ਤਾਂ ਕੋਈ ਰਿਪੋਰਟ ਹੈ ਤੇ ਨਾਹੀ ਸ਼ਿਕਾਇਤ। ਇਸ ਸਭ ਦੇ ਬਾਵਜੂਦ ਸਥਾਨਕ ਪੁਲਿਸ




ਫਿਰੌਤੀ ਲਈ ਧਮਕੀ ਪੱਤਰਾਂ ਨੂੰ ਗੰਭੀਰ ਮਾਮਲਾ ਨਹੀ ਸੀ ਮੰਨ ਰਹੀ ਪਰ ਹੁਣ ਵਾਈਟ ਰੌਕ ਦੇ ਇਕ ਕਾਰੋਬਾਰੀ ਦੇ ਘਰ ਉਪਰ ਕੀਤੀ ਗਈ ਗੋਲੀਬਾਰੀ ਨੂੰ ਇਸ ਧਮਕੀ ਪੱਤਰ ਨਾਲ ਜੋੜਦਿਆਂ ਜਾਂਚ ਲਈ ਸਹਿਮਤ ਹੋਈ ਹੈ। ਵਾਈਟ ਰੌਕ ਦੇ ਕਾਰੋਬਾਰੀ ਦਾ ਕਹਿਣਾ ਹੈ ਕਿ ਉਸਦੇ ਘਰ ਦੇ ਫੋਨ ਉਪਰ ਹਰਿਆਣਵੀ ਲਹਿਜੇ ਵਿਚ ਰਿਕਾਰਡ ਹੋਇਆ ਸੁਨੇਹਾ ਸੁਣਿਆ ਗਿਆ। ਇਸ ਸੁਨੇਹੇ ਵਿਚ ਉਹਨਾਂ ਦੇ ਕਾਰੋਬਾਰ ਦੀ ਸਲਾਮਤੀ ਲਈ ਪੈਸੇ ਦਾ ਪ੍ਰਬੰਧ ਕਰਨ ਲਈ ਕਿਹਾ ਗਿਆ। ਇਹ ਵੀ ਚੇਤਾਵਨੀ ਦਿੱਤੀ ਗਈ ਕਿ ਘਰ ਉਪਰ ਗੋਲੀਬਾਰੀ ਦਾ ਮਕਸਦ, ਉਹਨਾਂ ਦੇ ਮੈਸਜ ਨੂੰ ਸਹਿਜ ਨਾ ਲਿਆ ਜਾਵੇ। ਕਾਰੋਬਾਰੀ ਮੁਤਾਬਿਕ ਘਰ ਉਪਰ ਰਾਤ 12 ਵਜੇ ਤੇ ਕਰੀਬ ਗੋਲੀਬਾਰੀ ਹੋਈ। ਉਹਨਾਂ ਤੁਰੰਤ 911 ਤੇ ਕਾਲ ਕੀਤੀ। ਪੁਲਿਸ ਆਈ ਤੇ ਘਰ ਦੇ ਬਾਹਰੋਂ ਖਾਲੀ ਕਾਰਤੂਸ ਬਰਾਮਦ ਹੋਏ। ਇਕ ਗੋਲੀ ਉਹਨਾਂ ਦੇ ਗਵਾਂਢੀ ਦੇ ਡਰਾਇੰਗ ਰੂਮ ਵਿਚ ਪਏ ਟੀਵੀ ਉਪਰ ਲੱਗੀ। ਉਸ ਸਮੇਂ ਬੱਚੇ ਉਸ ਕਮਰੇ ਵਿਚ ਮੌਜੂਦ ਸਨ। ਕੋਈ ਵੀ ਅਣਹੋਣੀ ਵਾਪਰ ਸਕਦੀ ਸੀ। ਵਾਈਟਰੌਕ ਦੇ ਮੈਰੀਨ ਡਰਾਈਵ ਉਪਰ ਸਥਿਤ ਘਰ ਦੇ ਮਾਲਕ ਵਲੋਂ ਫਿਰੌਤੀ ਲਈ ਫੋਨ ਕਾਲ ਅਤੇ ਗੋਲੀਬਾਰੀ ਦੀ ਇਸ ਘਟਨਾ ਬਾਰੇ ਪੁਲਿਸ ਕੋਲ 911 ਤੇ ਕੀਤੀ ਗਈ ਕਾਲ ਸ਼ਾਇਦ ਇਹ ਪਹਿਲੀ ਸ਼ਿਕਾਇਤ ਵਜੋਂ ਦਰਜ ਹੋਈ ਹੈ। ਇਸ ਉਪਰੰਤ ਹੀ ਪੁਲਿਸ ਨੇ ਮੰਨਿਆ ਹੈ ਕਿ ਲੋਅਰ ਮੇਨਲੈਂਡ ਦੇ ਕਾਰੋਬਾਰੀਆਂ ਨੂੰ ਫਿਰੌਤੀ ਲਈ ਧਮਕੀ ਪੱਤਰਾਂ ਤੇ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਜੋੜਕੇ ਜਾਂਚ ਆਰੰਭੀ ਗਈ ਹੈ।

ਇਸਤੋ ਪਹਿਲਾਂ ਸੋਸ਼ਲ ਮੀਡੀਆ ਉਪਰ ਘੁੰਮ ਰਹੇ ਧਮਕੀ ਪੱਤਰ ਦੀ ਇਬਾਰਤ ਵੀ ਪੜਨਯੋਗ ਹੈ। ਇਹ ਪੱਤਰ ਚਿਤਾਵਨੀ ਵਾਲੇ ਬਿਆਨ ਨਾਲ ਸ਼ੁਰੂ ਹੁੰਦਾ ਹੈ-"ਧਿਆਨ ਨਾਲ ਪੜ੍ਹੋ। ਇਹ ਨਹੀਂ ਸੋਚਣਾ ਕਿ ਇਹ ਜਾਅਲੀ ਪੱਤਰ ਹੈ,ਜੇਕਰ ਤੁਸੀ ਇਥੇ ਕਾਰੋਬਾਰ ਕਰਨਾ ਚਾਹੁੰਦੇ ਹੋ ਤਾਂ ਫਿਰੌਤੀ ਤੋਂ ਬਿਨ੍ਹਾਂ ਕੋਈ ਚਾਰਾ ਨਹੀਂ ਅਤੇ ਕ੍ਰਿਪਾ ਕਰਕੇ ਤੁਸੀਂ ਇਹ ਯਕੀਨੀ ਬਣਾਉ ਕਿ ਪੁਲਿਸ ਨਾਲ ਸੰਪਰਕ ਨਾ ਕੀਤਾ ਜਾਵੇ। ਜੇਕਰ ਤੁਸੀਂ ਅਜਿਹਾ ਕੀਤਾ ਤਾਂ ਹੋਰ ਕੋਈ ਪੱਤਰ ਨਹੀਂ ਭੇਜਿਆ ਜਾਵੇਗਾ, ਕੇਵਲ ਗੋਲੀ ਮਾਰੀ ਜਾਵੇਗੀ।" ਅੱਗੇ ਚੇਤਾਵਨੀ ਹੈ ਕਿ ਲੈਟਰ ਪ੍ਰਾਪਤ ਕਰਨ ਵਾਲੇ ਕੋਲ ਪੈਸੇ ਦੇਣ ਲਈ ਇਕ ਮਹੀਨੇ ਦਾ ਸਮਾਂ ਹੈ। ਫਿਰੌਤੀ ਦੀ ਰਕਮ ਕੈਨੇਡਾ ਜਾਂ ਭਾਰਤ ਵਿਚ ਕਿਤੇ ਵੀ ਪਹੁੰਚਾਈ ਜਾ ਸਕਦੀ ਹੈ।" ਇਸ ਪੱਤਰ ਉਪਰ ਵਾਰਨਿੰਗ ਲਿਖਦਿਆਂ ਤਿੰਨ ਵਾਰ ਜੈ ਸ੍ਰੀ ਰਾਮ ਅਤੇ ਪੱਤਰ ਦੇ ਆਖਰ ਵਿਚ ਵੀ ਜੈ ਸ੍ਰੀ ਰਾਮ ਲਿਖਦਿਆਂ ਸ਼ੱਕੀ ਗੈਂਗਸਟਰਾਂ ਵਲੋਂ ਘਟਨਾਕ੍ਰਮ ਨੂੰ ਫਿਰਕੂ ਰੰਗਤ ਦੇਣ ਦਾ ਵੀ ਯਤਨ ਕੀਤਾ ਹੈ।

ਸਾਊਥ ਏਸ਼ੀਅਨ ਭਾਈਚਾਰੇ ਨੂੰ ਮਿਲੇ ਅਜਿਹੇ ਧਮਕੀ ਪੱਤਰਾਂ ਅਤੇ ਫੋਨ ਕਾਲਾਂ ਦੀ ਚਰਚਾ ਸਿਆਸੀ ਗਲਿਆਰਿਆਂ ਤੱਕ ਵੀ ਪੁੱਜ ਗਈ ਹੈ। ਪ੍ਰੀਮੀਅਰ ਡੇਵਿਡ ਈਬੀ ਨੇ ਇਸ ਘਟਨਾਕ੍ਰਮ ਨੂੰ ਅਤਿ ਗੰਭੀਰ ਦਸਦਿਆਂ ਪੁਲਿਸ ਜਾਂਚ ਉਪਰ ਯਕੀਨ ਪ੍ਰਗਟਾਇਆ ਹੈ। ਪਰ ਇਸੇ ਦੌਰਾਨ ਯੂਬੇ ਵਿਚ ਨਵੀਂ ਉਭਰ ਰਹੀ ਬੀ ਸੀ ਕੰਸਰਵੇਟਿਵ ਪਾਰਟੀ ਦੇ ਆਗੂ ਵਲੋਂ ਕਾਰੋਬਾਰੀਆਂ ਨਾਲ ਮੀਟਿੰਗ ਕਰਕੇ ਉਹਨਾਂ ਦੇ ਦੁਖੜੇ ਸੁਣਨ ਦੇ ਨਾਲ ਜੋ ਮੈਸਜ਼ ਟਵੀਟ ਕੀਤਾ ਹੈ ਉਸਨੇ ਇਸ ਘਟਨਾਕ੍ਰਮ ਨੂੰ ਇਕ ਭਾਈਚਾਰੇ ਨਾਲ ਜੋੜਦਿਆਂ ਨਸਲਵਾਦ ਨੂੰ ਸ਼ਹਿ ਦੇਣ ਵਾਲਾ ਮੁੱਦਾ ਬਣਾ ਦਿੱਤਾ ਹੈ। ਉਹਨਾਂ ਵਲੋਂ ਸ਼ੱਕੀ ਗੈਂਗਸਟਰਾਂ ਖਿਲਾਫ ਕਾਰਵਾਈ ਨੂੰ ਤੀਸਰੀ ਦੁਨੀਆ ਦੇ ਅਪਰਾਧ ਦਾ ਕੈਨੇਡਾ ਵਿਚ ਘੁਸਪੈਠ ਕਰਨਾ ਦੱਸਣਾ ਤੇ ਅਪਰਾਧੀਆਂ ਨੂੰ ਫੜਕੇ ਡਿਪੋਰਟ ਕੀਤੇ ਜਾਣ ਦੀ ਗੱਲ ਨੇ ਨਵੀ ਚਰਚਾ ਛੇੜ ਦਿੱਤੀ ਹੈ। ਉਹਨਾਂ ਦੇ ਇਸ ਬਿਆਨ ਦਾ ਇਕ ਹੋਰ ਸਿਆਸੀ ਆਗੂ ਨੇ ਵਿਰੋਧ ਕਰਦਿਆਂ ਇਸਨੂੰ ਨਸਲਵਾਦੀ ਹਿੰਸਾ ਨੂੰ ਬੜਾਵਾ ਦੇਣ ਦੀ ਕੋਸ਼ਿਸ਼ ਦੱਸਿਆ ਹੈ। ਕੌਮਾਂਤਰੀ ਵਿਦਿਆਰਥੀਆਂ ਨਾਲ ਜੁੜੀਆਂ ਅਸਮਾਜਿਕ ਘਟਨਾਵਾਂ ਕਾਰਣ ਪਹਿਲਾਂ ਹੀ ਇਕ ਖਾਸ ਵਰਗ ਦੇ ਵਿਦਿਆਰਥੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿਆਸੀ ਲੋਕਾਂ ਨੂੰ ਅਜਿਹੀ ਬਿਆਨਬਾਜੀ ਵਿਚ ਉਲਝਣ ਦੀ ਬਿਜਾਏ ਸੁਰੱਖਿਆ ਏਜੰਸੀਆਂ ਨੂੰ ਅਪਰਾਧੀ ਅਨਸਰਾਂ ਖਿਲਾਫ ਸਖਤੀ ਨਾਲ ਸਿੱਝਣ ਲਈ ਜੋਰ ਪਾਉਣ ਦੀ ਲੋੜ ਹੈ। ਕਿਸੇ ਵੀ ਸਰਕਾਰ ਜਾਂ ਸੁਰੱਖਿਆ ਏਜੰਸੀ ਦਾ ਪਹਿਲਾ ਕੰਮ ਆਪਣੇ ਸ਼ਹਿਰੀਆਂ ਤੇ ਕਾਰੋਬਾਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਨਾਲ ਅਮਨ ਕਨੂੰਨ ਦੀ ਸਥਿਤੀ ਬਹਾਲ ਰੱਖਣਾ ਹੁੰਦਾ ਹੈ। ਹੁਣ ਅਗਰ ਆਰ ਸੀ ਐਮ ਪੀ ਨੇ ਫਿਰੌਤੀ ਲਈ ਧਮਕੀ ਪੱਤਰਾਂ ਜਾਂ ਫੋਨ ਕਾਲਾਂ ਨੂੰ ਗੋਲੀਬਾਰੀ ਦੀਆਂ ਘਟਨਾਵਾਂ ਨਾਲ ਜੁੜਨਾ ਮੰਨਦਿਆਂ ਜਾਂਚ ਦੇ ਦਾਇਰੇ ਵਿਚ ਲਿਆ ਹੈ ਤਾਂ ਤਵੱਕੋ ਕਰਨੀ ਬਣਦੀ ਹੈ ਕਿ ਇਸ ਸਾਰੇ ਘਟਨਾਕ੍ਰਮ ਦੀ ਅਸਲੀਅਤ ਜਲਦ ਬੇਪਰਦ ਹੋਵੇ। ਕਾਰੋਬਾਰੀਆਂ ਤੇ ਆਮ ਸ਼ਹਿਰੀਆਂ ਵਿਚ ਸਰਕਾਰ ਤੇ ਪੁਲਿਸ ਤੰਤਰ ਪ੍ਰਤੀ ਸੁਰੱਖਿਆ ਤੇ ਵਿਸ਼ਵਾਸ ਦੀ ਭਾਵਨਾ ਮਜ਼ਬੂਤ ਹੋਵੇ।

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.

REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE
TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਵਿੰਨੀਪੈਗ ਕੈਨੇਡਾ ਦਾ ਸਭ ਤੋਂ ਬੇਹਤਰ ਰਹਿਣਯੋਗ ਸ਼ਹਿਰ

ਓਟਵਾ-ਕੈਨੇਡਾ ਦੇ ਲੋਕ ਆਮ ਤੌਰ 'ਤੇ ਸੈਂਟਰਲ ਕੈਨੇਡਾ ਬਾਰੇ ਨਾਂਹਪੱਖੀ ਧਾਰਨਾ ਰੱਖਦੇ ਹੋਏ ਕਹਿੰਦੇ ਹਨ ਕਿ ਇਹ ਬਹੁਤ ਠੰਢਾ, ਉਜਾੜ ਵਾਲਾ ਅਤੇ ਬਹੁਤਾ ਪੇਂਡੂ ਇਲਾਕਾ ਹੈ ਪਰ ਪਿਛਲੇ ਮਹੀਨੇ ਦੀ ਗਲੋਬ ਐਂਡ ਮੇਲ ਵਲੋਂ ਐਨਵਾਇਰਨਿਕਸ ਵਿਸ਼ਲੇਸ਼ਣ ਗਰੁੱਪ ਲਿਮਟਿਡ ਦੀ ਭਾਈਵਾਲੀ ਨਾਲ ਕੀਤੇ ਵਿਆਪਕ ਵਿਸ਼ਲੇਸ਼ਣ ਵਿਚ ਵਿਨੀਪੈਗ ਨੂੰ ਬੱਚਿਆਂ ਦੇ ਪਾਲਣ-ਪੋਸ਼ਣ ਲਈ ਕੈਨੇਡਾ ਦਾ ਸਭ ਤੋਂ ਰਹਿਣ ਯੋਗ ਸ਼ਹਿਰ ਅਤੇ ਸਮੁੱਚੇ ਦੇਸ਼ ਦਾ ਤੀਸਰਾ ਸਭ ਤੋਂ ਵੱਧ ਰਹਿਣ ਯੋਗ ਸ਼ਹਿਰ ਦਾ ਦਰਜਾ ਦਿੱਤਾ ਹੈ। ਦੀ ਗਲੋਬ ਨੇ ਟਰਾਂਸਪੋਰਟੇਸ਼ਨ, ਹਾਊਸਿੰਗ, ਪੌਣਪਾਣੀ ਅਤੇ ਸਹੂਲਤਾਂ ਵਰਗੀਆਂ ਸ਼੍ਰੇਣੀਆਂ ਦੀ ਵਰਤੋਂ ਕਰਦਿਆਂ ਦੇਸ਼ ਭਰ ਦੀਆਂ 439 ਕਮਿਊਨਿਟੀਜ਼ ਦੀ ਦਰਜਾਬੰਦੀ ਕੀਤੀ ਹੈ। ਇਸ ਨੇ ਹਰੇਕ ਸ਼੍ਰੇਣੀ ਵਿਚ ਵੱਖ ਵੱਖ ਚੀਜ਼ਾਂ ਦੀ ਵਰਤੋਂ ਕਰਕੇ ਸਕੋਰਾਂ ਦੀ ਗਿਣਤੀ ਕੀਤੀ ਹੈ। ਬੱਚਿਆਂ ਦੇ ਪਾਲਣ-ਪੋਸ਼ਣ ਲਈ ਸਰਬੋਤਮ ਕਮਿਊਨਿਟੀਜ਼ ਵਿਚ ਦੀ ਗਲੋਬ ਨੇ ਕਿਫਾਇਤੀ ਘਰ, ਗੁਣਵੱਤਾ ਵਾਲੀ ਸਿੱਖਿਆ ਤੇ ਬੱਚਿਆਂ ਦੀ ਦੇਖਭਾਲ ਸਮੇਂ ਨੇੜਤਾ ਹੋਣ 'ਤੇ ਜ਼ੋਰ ਦਿੱਤਾ ਹੈ। ਯੂਨੀਵਰਸਿਟੀ ਆਫ ਵਿਨੀਪੈਗ ਵਿਖੇ ਪ੍ਰੋਫੈਸਰ ਤੇ ਅਰਬਨ ਸਟੱਡੀਜ਼ ਸਬੰਧੀ ਇਸ ਦੇ ਇੰਸਟੀਚਿਊਟ ਦੇ ਡਾਇਰੈਕਟਰ ਜਿਨੋ ਡਿਸਟਾਸੀਓ ਆਖਦੇ ਹਨ ਕਿ ਨਾਂਹਪੱਖੀ ਵਿਚਾਰ ਲਈ ਵਿਨੀਪੈਗ ਦਾ ਅਲੱਗ ਥਲੱਗ ਹੋਣਾ ਹੋ ਸਕਦਾ ਹੈ ਪਰ ਇਸ ਦਾ ਸਕੋਰ ਬਹੁਤ ਉੱਚਾ ਹੈ। ਮਕਾਨਾਂ ਦੀ ਮੰਗ ਵਧਾਉਣ ਲਈ ਇਸ ਦੇ ਨੇੜੇ ਹੋਰ ਕੋਈ ਵੱਡੇ ਜਨਸੰਖਿਆ ਵਾਲੇ ਸੈਂਟਰ ਨਹੀਂ। ਇਸ ਦੀ ਆਬਾਦੀ ਲਗਪਗ 750000 ਲੱਖ ਹੈ ਜਿਹੜੀ ਐਡਮਿੰਟਨ ਵਰਗੇ ਦੂਸਰੇ ਵੱਡੇ ਸੈਂਟਰਾਂ ਤੋਂ ਥੋੜੀ ਘੱਟ ਹੈ। ਮੱਧ



ਆਕਾਰ ਵਾਲੇ ਸ਼ਹਿਰ ਵਿਚ ਸਹੂਲਤਾ ਅਤੇ ਕਮਿਊਨਿਟੀ ਪ੍ਰੋਗਰਾਮ ਮੌਜੂਦ ਹਨ ਜਿਨ੍ਹਾਂ ਤਕ ਪਹੁੰਚ ਕਰਨ ਲਈ ਲੋਕਾਂ ਨੂੰ ਸੰਘਰਸ਼ ਨਹੀਂ ਕਰਨਾ ਪੈਂਦਾ ਅਤੇ ਵੱਡੇ ਸ਼ਹਿਰਾਂ ਦੇ ਮੁਕਾਬਲੇ ਨੇਬਰਹੁੱਡਜ਼ ਵੀ ਬਹੁਤੇ ਮਹਿੰਗੇ ਨਹੀਂ।

## ਪੀਪੀਪੀ ਨੇ ਬਿਲਾਵਲ ਭੁੱਟੋ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਾਇਆ

ਇਸਲਾਮਾਬਾਦ-ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਪਾਰਟੀ ਦੇ ਮੁਖੀ ਬਿਲਾਵਲ ਭੁੱਟੋ ਜ਼ਰਦਾਰੀ ਅੱਠ ਫਰਵਰੀ ਨੂੰ ਹੋਣ ਵਾਲੀਆਂ ਆਮ ਚੋਣਾਂ 'ਚ ਪ੍ਰਧਾਨ ਮੰਤਰੀ ਦੇ ਉਮੀਦਵਾਰ ਹੋਣਗੇ। ਪਾਰਟੀ ਨੇ ਕਿਹਾ ਕਿ ਬਿਲਾਵਲ ਭੁੱਟੋ ਜ਼ਰਦਾਰੀ ਦੇ ਪਿਤਾ ਆਸਿਫ ਅਲੀ ਜ਼ਰਦਾਰੀ ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰ ਹੋਣਗੇ। ਪੀਪੀਪੀ ਨੇ ਇਹ ਘੋਸ਼ਣਾ ਪਾਕਿਸਤਾਨ ਮੁਸਲਿਮ ਲੀਗ- ਨਵਾਜ਼ (ਪੀਐਮਐਨ-ਐਲ) ਪਾਰਟੀ ਵੱਲੋਂ ਹਾਲ ਹੀ 'ਚ ਆਪਣੇ ਮੁਖੀ ਅਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਕੀਤੀ ਹੈ। ਇਥੇ ਮੀਡੀਆ ਨੂੰ ਸੰਬੋਧਨ ਕਰਦਿਆਂ ਪੀਪੀਪੀ ਦੇ ਸੂਚਨਾ ਸਕੱਤਰ ਐਫ਼. ਕਰੀਮ ਕੁੰਡੀ ਨੇ ਕਿਹਾ ਕਿ ਬਿਲਾਵਲ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਹੋਣਗੇ। ਉਨ੍ਹਾਂ ਕਿਹਾ, "ਸਾਡੀ ਇਹ ਇੱਛਾ ਹੈ ਕਿ 2008 ਨੂੰ ਮੁੜ ਦੁਹਰਾਇਆ ਜਾਵੇ ਅਤੇ ਅਸੀਂ ਆਸਿਫ਼ ਅਲੀ ਜ਼ਰਦਾਰੀ ਨੂੰ ਰਾਸ਼ਟਰਪਤੀ ਬਣਾਈਏ।" ਉਨ੍ਹਾਂ ਕਿਹਾ ਕਿ ਪੀਪੀਪੀ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ। ਆਸਿਫ਼ ਜ਼ਰਦਾਰੀ (68) ਸਾਲ 2008 'ਚ ਹੋਈਆਂ ਚੋਣਾਂ ਤੋਂ ਬਾਅਦ ਪਾਕਿਸਤਾਨ ਦੇ ਰਾਸ਼ਟਰਪਤੀ ਬਣੇ ਸੀ ਅਤੇ ਉਹ 2013 ਤਕ ਇਸ ਅਹੁਦੇ 'ਤੇ ਰਹੇ। ਬਿਲਾਵਲ (35) ਨੇ ਅਪਰੈਲ 2022 ਤੋਂ ਅਗਸਤ 2023 ਤਕ ਵਿਦੇਸ਼ ਮੰਤਰੀ ਵਜੋਂ ਕੰਮ ਕੀਤਾ ਸੀ।



## ਸਾਈਫਰ ਮਾਮਲੇ 'ਚ ਇਮਰਾਨ ਖ਼ਾਨ ਤੇ ਕੁਰੈਸ਼ੀ ਦੋਸ਼ੀ ਕਰਾਰ

ਇਸਲਾਮਾਬਾਦ: ਪਾਕਿਸਤਾਨ ਦੀ ਵਿਸ਼ੇਸ਼ ਅਦਾਲਤ ਨੇ ਗੁਪਤ ਦਸਤਾਵੇਜ਼ ਲੀਕ ਕਰਨ ਅਤੇ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਮਾਮਲੇ ਵਿੱਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਉਨ੍ਹਾਂ ਦੇ ਸਹਿਯੋਗੀ ਤੇ ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਸ ਨੂੰ 'ਸਾਈਫਰ' ਮਾਮਲਾ ਵੀ ਕਿਹਾ ਜਾਂਦਾ ਹੈ। ਜੱਜ ਅਬੁਲ ਹਸਨਤ ਜ਼ੁਲਕਰਨੈਨ ਨੇ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ ਵਿੱਚ ਕੇਸ ਦੀ ਸੁਣਵਾਈ ਕੀਤੀ, ਜਿੱਥੇ ਦੋਵੇਂ ਆਗੂ ਬੰਦ ਹਨ। ਜੱਜ ਨੇ ਉਨ੍ਹਾਂ ਦੀ ਮੌਜੂਦਗੀ 'ਚ ਦੋਵਾਂ ਆਗੂਆਂ 'ਤੇ ਲੱਗੇ ਦੋਸ਼ ਪੜ੍ਹ ਕੇ ਸੁਣਾਏ ਪਰ ਦੋਵਾਂ ਨੇ ਖੁਦ ਨੂੰ ਬੇਕਸੂਰ ਦੱਸਿਆ। ਇਹ ਦੂਜੀ ਵਾਰ ਹੈ ਜਦੋਂ ਉਨ੍ਹਾਂ 'ਤੇ ਦੋਸ਼ ਆਇਦ ਕੀਤੇ ਗਏ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੂੰ 23 ਅਕਤੂਬਰ ਨੂੰ ਦੋਸ਼ੀ ਠਹਿਰਾਇਆ ਗਿਆ ਸੀ ਪਰ ਇਸਲਾਮਾਬਾਦ ਹਾਈ ਕੋਰਟ ਨੇ ਇਹ ਪ੍ਰਕਿਰਿਆ ਰੱਦ ਕਰ ਦਿੱਤੀ ਸੀ।

# 2024 'ਚ ਆਮ ਪਰਿਵਾਰ ਦੀ ਭੋਜਨ ਦੀ ਲਾਗਤ 700 ਡਾਲਰ ਤੱਕ ਵਧਣ ਦਾ ਅਨੁਮਾਨ

ਓਟਵਾ-ਗਰੌਸਰੀ ਕੀਮਤਾਂ ਬਾਰੇ ਸਾਲਾਨਾ ਰਿਪੋਰਟ ਮੁਤਾਬਿਕ 2024 ਵਿਚ ਭੋਜਨ ਦੀਆਂ ਕੀਮਤਾਂ ਵਧਦੀਆਂ ਰਹਿਣਗੀਆਂ ਅਤੇ ਇਹ ਅਗਲੇ ਸਾਲ ਵਿਚ 700 ਡਾਲਰ ਹੋਰ ਵਧਣ ਦੀ ਆਸ ਹੈ। ਕੈਨੇਡਾ ਦੀ ਭੋਜਨ ਕੀਮਤ ਰਿਪੋਰਟ ਜਿਹੜੀ ਹੁਣ 14ਵੇਂ ਸਾਲ ਵਿਚ ਹਨ ਦਾ ਕਹਿਣਾ ਕਿ 2024 ਵਿਚ ਗਰੌਸਰੀਜ਼ ਦੀਆਂ ਕੀਮਤਾਂ ਵਿਚ 2.5 ਫ਼ੀਸਦੀ ਅਤੇ 4.5 ਫ਼ੀਸਦੀ ਵਿਚਕਾਰ ਵਾਧਾ ਹੋਵੇਗਾ ਅਤੇ ਦੋ ਮਾਪਿਆਂ ਤੇ ਦੋ ਬੱਚਿਆਂ ਵਾਲੇ ਪਰਿਵਾਰ ਦਾ ਖਰਚਾ 16297 ਡਾਲਰ ਹੋ ਜਾਵੇਗਾ। ਇਸ ਵਿਚ ਅਨੁਮਾਨ ਲਗਾਇਆ ਗਿਆ ਹੈ ਕਿ ਬੇਕਰੀ, ਮੀਟ ਅਤੇ ਸਬਜੀਆਂ ਵਰਗੀਆਂ ਵਸਤਾਂ ਦੀਆਂ ਕੀਮਤਾਂ 7 ਫ਼ੀਸਦੀ ਵਧਣਗੀਆਂ। ਰਿਪੋਰਟ ਦੇ ਅਨੁਮਾਨ ਮੁਤਾਬਿਕ ਗਰੌਸਰੀਜ਼ ਹੋਰ ਮਹਿੰਗੀ ਹੋ ਜਾਵੇਗੀ ਪਰ ਵਾਧੇ ਦੇ ਦਰ ਹੌਲੀ ਹੋ ਰਹੀ ਹੈ। ਕੀਮਤ ਵਿਚ ਵੱਧ ਤੋਂ ਵੱਧ 4.5 ਫ਼ੀਸਦੀ ਤਕ ਵਾਧੇ ਦਾ ਅਨੁਮਾਨ ਲਗਾਇਆ ਗਿਆ ਹੈ ਜਿਹੜਾ ਇਸ ਸਾਲ ਦੇ ਅਸਲ ਵਾਧੇ 5.9 ਫ਼ੀਸਦੀ ਨਾਲੋਂ ਘੱਟ ਹੈ।

## ਕੈਨੇਡਾ ਇਜ਼ਰਾਈਲ ਨੂੰ ਹਥਿਆਰਾਂ ਦੀ ਸਪਲਾਈ ਰੋਕੇ...

ਸਫ਼ਾ 1 ਦੀ ਬਾਕੀ

ਪ੍ਰਾਜੈਕਟ ਪਲੋਸ਼ੇਅਰਜ਼ ਨੇ ਇਜ਼ਰਾਈਲ ਨੂੰ ਹਥਿਆਰਾਂ ਦੀ ਸਪਲਾਈ ਰੋਕਣ ਲਈ ਕੈਨੇਡਾ ਨੂੰ ਅਪੀਲ ਕਰਦਿਆਂ ਕਿਹਾ ਕਿ ਕੈਨੇਡੀਅਨ ਕੰਪਨੀਆਂ ਨੇ 2022 ਵਿਚ ਇਜ਼ਰਾਈਲੀ ਗਾਹਕਾਂ ਨੂੰ 21 ਮਿਲੀਅਨ ਡਾਲਰ ਦਾ ਰੱਖਿਆ ਸਾਜੋ ਸਮਾਨ ਬਰਾਮਦ ਕੀਤਾ ਹੈ। ਗਰੁੱਪ ਨੇ ਇਹ ਵੀ ਕਿਹਾ ਕਿ ਮਨੁੱਖੀ ਅਧਿਕਾਰ ਸੰਗਠਨ ਐਮਨੈਸਟੀ ਇੰਟਰਨੈਸ਼ਨਲ ਨੇ ਚਿਤਾਵਨੀ ਦਿੱਤੀ ਹੈ ਕਿ ਇਜ਼ਰਾਈਲ ਦੀ ਬੰਬਾਰੀ ਮੁਹਿੰਮ ਵਿਚ ਜੰਗੀ ਅਪਰਾਧ ਦੇ ਘਿਨਾਉਣੇ ਸਬੂਤ ਮੌਜੂਦ ਹਨ।

## ਕੈਨੇਡਾ ਦਾ ਜੰਗਬੰਦੀ ਬਾਰੇ ਸੱਦੇ ਦਾ ਜੰਗ 'ਤੇ ਕੋਈ ਅਸਰ ਨਹੀਂ-ਇਜ਼ਰਾਈਲੀ ਰਾਜਦੂਤ

ਸਫ਼ਾ 1 ਦੀ ਬਾਕੀ

ਇਹ ਤਾਂ ਜੰਗਲ ਵਿਚ ਕਿਤੇ ਦਰੱਖਤ ਡਿਗਣ ਵਾਂਗ ਹੈ ਜਿਸ ਨੂੰ ਕੋਈ ਨਹੀਂ ਸੁਣਦਾ। ਹਕੀਕਤ ਇਹ ਹੈ ਕਿ ਜ਼ਮੀਨ 'ਤੇ ਕੁਝ ਵੀ ਬਦਲਣ ਤੋਂ ਬਿਨ੍ਹਾਂ ਹੀ ਕੈਨੇਡਾ ਨੇ ਆਪਣੀ ਪੁਜ਼ੀਸ਼ਨ ਬਦਲੀ। ਉਨ੍ਹਾਂ ਕਿਹਾ ਕਿ ਜੰਗਬੰਦੀ ਦੀ ਮੰਗ ਨੂੰ ਇਜ਼ਰਾਈਲ ਉਸ ਨੂੰ ਹਥਿਆਰ ਸੁੱਟਣ ਅਤੇ ਹਮਾਸ ਨੂੰ ਹਮਲੇ ਜਾਰੀ ਰੱਖਣ ਲਈ ਕਹਿਣ ਵਜੋਂ ਦੇਖਦਾ ਹੈ। ਮੋਏਦ ਨੇ ਕਿਹਾ ਕਿ ਇਹ ਕੈਨੇਡਾ ਦਾ ਭੋਲਾਪਨ ਹੈ। ਕੈਨੇਡਾ ਨੂੰ ਬਾਕੀ ਦੁਨੀਆਂ ਵਾਂਗ ਸਮਝਣਾ ਚਾਹੀਦਾ ਹੈ ਕਿ ਅਸੀਂ ਇਕ ਅੱਤਵਾਦੀ ਸੰਗਠਨ ਨਾਲ ਜੰਗ ਲੜ ਰਹੇ ਹਾਂ। ਜਦੋਂ ਤੱਕ ਅਸੀਂ ਜੰਗ ਖਤਮ ਨਹੀਂ ਕਰਦੇ ਉਸ ਸਮੇਂ ਤਕ ਕੋਈ ਗੱਲ ਢੁਕਵੀਂ ਨਹੀਂ।


ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਵਿਸ਼ਵ ਭਰ ਵਿਚ ਮਨਾਇਆ ਜਾਂਦਾ ਹੈ ਸਾਂਝੀਵਾਲਤਾ ਦਾ ਪ੍ਰਤੀਕ ਕ੍ਰਿਸਮਿਸ



ਵਿਸ਼ਵ ਭਰ ਵਿਚ ਧੂਮ-ਧਾਮ ਅਤੇ ਸ਼ਰਧਾ ਪੂਰਵਕ ਵਿਸ਼ਵਾਸ ਨਾਲ ਮਨਾਇਆ ਜਾਂਦਾ ਹੈ ਕ੍ਰਿਸਮਿਸ ਉਤਸਵ। ਕ੍ਰਿਸਮਿਸ ਇਕ ਸਾਲਾਨਾ ਪਰੰਪਵਾਦੀ ਉਤਸਵ ਹੈ ਜੋ ਯਿਸੂ ਮਸੀਹ ਦੇ ਜਨਮ ਦੇ ਉਪਲਕਸ਼ ਵਿਚ ਮਨਾਇਆ ਜਾਂਦਾ ਹੈ। ਦੁਨੀਆਂ ਭਰ ਦੇ ਅਰਬਾਂ ਲੋਕਾਂ ਦੇ ਵਿਚ ਇਕ ਧਾਰਮਿਕ ਆਸਥਾ ਪੂਰਵਕ, ਸਾਂਝੀਵਾਲਤਾ ਦਾ ਸਨੇਹੀ ਅਤੇ ਪਰੰਪਰਾਗਤ ਸਭਿਆਚਾਰਕ ਉਤਸਵ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸਾਈ ਭਾਈਚਾਰੇ ਦੇ ਲਈ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਈਸ਼ਵਰ ਮਾਨਵ ਦੇ ਰੂਪ ਵਿਚ ਆਏ, ਮਾਨਵਤਾ ਦੇ ਪਾਪਾਂ ਨੂੰ ਬਖ਼ਸ਼ਣ ਦੇ ਲਈ, ਯਿਸੂ ਦਾ ਸਹੀ ਜਨਮ ਤਾਰੀਖ਼ ਜਾਨਣ ਦੀ ਬਜਾਏ ਕ੍ਰਿਸਮਿਸ ਮਨਾਉਣ ਦਾ ਇਕ ਖ਼ੂਬਸੂਰਤ ਮਾਨਵਤਾਵਾਦੀ ਪ੍ਰਾਥਮਿਕ ਉਦੇਸ਼ ਮੰਨਿਆ ਜਾਂਦਾ ਹੈ। ਮੁੱਖ ਰੂਪ ਵਿਚ 25 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸਾਈ ਭਾਈਚਾਰੇ ਵਿਚ ਇਕ ਧਾਰਮਿਕ ਸਾਲ ਲਈ ਇਕੱਠ ਭੋਜਨ ਦਾ ਉਤਸਵ ਵੀ ਹੁੰਦਾ ਹੈ। ਭਰ ਸਰਦੀਆਂ ਦੇ ਮੌਸਮ ਵਿਚ ਸੰਯੁਕਤ ਭਾਈਚਾਰੇ ਦਾ ਇਕ ਅੰਤਰ ਦ੍ਰਿਸ਼ਟੀ ਅਤੇ ਅਲੌਕਿਕ ਸੰਦੇਸ਼ ਮਿਲਦਾ ਹੈ। ਕਰਾਈਸਟ ਮਾਸਟਾਈਡ ਦੇ ਮੌਸਮ ਦੀ ਸ਼ੁਰੂਆਤ ਕਰਦਾ ਹੈ। ਜੋ ਇਤਿਹਾਸਕ ਰੂਪ ਵਿਚ ਪੱਛਮ ਵਿਚ ਬਾਰ੍ਹਾਂ ਦਿਨਾਂ ਤਕ ਚਲਦਾ ਹੈ ਅਤੇ ਬਾਹਰਵੀਂ ਰਾਤ ਨੂੰ ਸਮਾਪਤ ਹੁੰਦਾ ਹੈ। ਕ੍ਰਿਸਮਿਸ ਦਿਵਸ ਕਈ ਦੇਸ਼ਾਂ ਵਿਚ ਸਮੂਹਿਕ ਛੁੱਟੀ ਅਵਕਾਸ ਦਾ ਪ੍ਰਤੀਕ ਵੀ ਹੈ। ਬਹੁਤਾਤ ਰੂਪ ਵਿਚ ਇਸਾਈ ਭਾਈਚਾਰੇ ਦੁਆਰਾ ਧਾਰਮਿਕ ਰੂਪ ਵਿਚ ਮਨਾਇਆ ਜਾਂਦਾ ਹੈ। ਇਹ ਉਤਸਵ ਗ਼ੈਰ ਇਸਾਈ ਭਾਈਚਾਰੇ ਤੋਂ ਇਲਾਵਾ ਛੁੱਟੀਆਂ ਦਾ ਆਨੰਦ ਮਾਨਣ ਲਈ ਹੋਰ ਧਰਮਾਂ ਦੇ ਲੋਕ ਵੀ ਮਨੋਰੰਜ਼ਨ ਅਤੇ ਦੋਸਤਾਨਾਂ ਸੰਬੰਧਾਂ ਵਿਚ ਮਿਠਾਸ, ਅਪਣਾਮਨ, ਆਤਮ ਸਜਗਤਾ, ਸਾਮਾਲਿਕ ਚੇਤਨਾ, ਵਿਸ਼ਵ ਮਾਨਤਾਵਾਦੀ ਮਾਨਵ ਪ੍ਰਤੀ ਅਟੁੱਟ ਆਸਥਾ ਦੇ ਨਾਲ-ਨਾਲ ਬੱਚਿਆਂ ਸਮੇਤ ਅਨੇਕ ਮਨੋਰੰਜ਼ਨ ਦੀਆਂ ਕਿਰਿਆਵਾਂ ਵਿਚ ਖ਼ੁਸ਼ੀ, ਉਮੰਗ, ਸ਼ਰਧਾ ਤੇ ਸਹਾਨਭੂਤੀ ਪਰਿਪਕਤਾ ਭਰਦੇ ਹੋਏ ਮਨਾਉਂਦੇ ਹਨ। ਪ੍ਰਭੂ ਈਸਾ ਮਸੀਹ ਨੂੰ ਯਾਦ ਕਰੀਏ ਤਾਂ ਇਸਾਈ ਭਾਈਚਾਰਾ ਉਨ੍ਹਾਂ ਨੂੰ ਈਸ਼ਵਰ ਦਾ ਪੁੱਤਰ ਮੰਨਦੇ ਹਨ। ਕ੍ਰਿਸਮਿਸ ਦਾ ਨਾਂਅ ਮਾਸ ਆਫ ਕਰਾਈਸਟ (ਜਾਂ ਜੀਸਸ) ਤੋਂ ਆਇਆ ਹੈ। ਇਸਾਈ ਭਾਈਚਾਰੇ ਦੀ ਠੋਸ ਪਰੰਪਰਾ ਅਤੇ ਵਿਸ਼ਵਾਸ ਹੈ ਕਿ ਯਿਸੂ ਸਾਡੇ ਲਈ ਮਰੇ ਅਤੇ ਫਿਰ ਜੀਵਿਤ ਹੋ ਗਏ। ਪਰੰਪਰਾ ਹੈ ਕਿ ਸੂਰਜ ਡੁਬਣ ਅਤੇ ਅਗਲੇ ਦਿਨ ਸੂਰਜ ਚੜ੍ਹਣ ਤੋਂ ਪਹਿਲਾਂ ਦੇ ਆਗਮਨ ਨੂੰ ਮੱਧ ਰਾਤਰੀ ਨੂੰ ਜੀਵਨ ਰੱਖਣ ਲਈ ਕਰਾਈਸਟ ਮਾਸ ਦਾ ਨਾਮ ਮਿਲਦਾ ਹੈ। ਜਿਸ ਨੂੰ ਛੋਟਾ ਕਰਕੇ ਕ੍ਰਿਸਮਿਸ ਦਾ ਰੂਪ ਕਰ ਦਿੱਤਾ ਗਿਆ। ਕ੍ਰਿਸਮਿਸ ਅਜ ਕਲ ਦੁਨੀਆਂ ਭਰ ਦੇ ਲੋਕਾਂ ਵਿਚ ਮਨਾਇਆ ਜਾਂਦਾ ਹੈ, ਚਾਹੇ ਕੋਈ ਇਸਾਈ ਹੈ ਜਾਂ ਨਹੀਂ। ਇਸ ਸਮੇਂ ਪਰਿਵਾਰ ਅਤੇ ਦੋਸਤ ਪਰਿਵਾਰ ਨਾਲ ਮਿਲ ਕੇ ਸੰਯੁਕਤ ਭੋਜਨ ਇਸ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਣ, ਮਿਸ਼ਠਾਣ ਅਤੇ ਤੋਹਫਿਆਂ ਦਾ ਆਦਾਨ-ਪ੍ਰਦਾਨ ਖ਼ੁਸ਼ੀ ਪੂਰਵਕ ਹੁੰਦਾ ਹੈ। ਭਾਵ ਕਿ ਇਸ ਪਰੰਪਰਾ ਦਾ ਸੰਦੇਸ਼ ਹੈ, ਖ਼ੂਬਸੂਰਤ ਆਦਾਨ-ਪ੍ਰਦਾਨ ਹੀ ਸੁਚੱਜਾ ਸੰਸਾਰ ਸਿਰਜ ਸਕਦਾ ਹੈ। ਲੋਕਾਂ ਵਿਚ ਸਰਦੀਆਂ ਦੇ ਹਨੇਰੇ ਵਿਚ ਸੂਰਜ ਦੀ ਜਿੱਤ ਦਾ ਜਸ਼ਨ-ਉਤਸਵ ਹਰਸ਼ੋਉਲਾਸ ਨਾਲ ਮਨਾਇਆ ਜਾਂਦਾ ਹੈ। ਇਹ ਇਕ ਮੱਧ ਸਰਦੀਆਂ ਦਾ ਸਾਂਝੀਵਾਲਤਾ ਨਾਲ ਉਤਪ੍ਰੋਤ ਇਨਸਾਨੀ ਕਦਰਾਂ ਕੀਮਤਾਂ ਦਾ ਤਿਉਹਾਰ ਹੈ। ਇਸਾਈ ਭਾਈਚਾਰੇ ਦਾ ਵਿਸ਼ਵਾਸ ਹੈ ਕਿ ਯਿਸੂ ਹੀ ਜਗਤ ਦਾ ਪ੍ਰਕਾਸ਼ ਹੈ। ਵੇਖਿਆ ਜਾਂ ਪੜ੍ਹਣ ਮੰਥਣ ਕੀਤਾ ਜਾਵੇ ਤਾਂ ਕ੍ਰਿਸਮਿਸ ਪਰੰਪਰਾਵਾਂ ਦੀਆਂ ਖ਼ੂਬਸੂਰਤ ਗੂੜ੍ਹਤਾਵਾਂ ਵਿਚ ਡੁੱਬਿਆ ਹੋਇਆ ਇਨਸਾਨੀ ਕਦਰਾਂ ਕੀਮਤਾਂ ਵਾਲਾ ਇਕ ਲੰਬਾ ਇਤਿਹਾਸ ਹੈ। ਅਜ ਕਲ ਇਸ ਉਤਸਵ ਨੂੰ ਮੁੱਖ ਰੂਪ ਵਿਚ ਲਾਲ ਰੰਗ ਦੇ ਹੱਸ ਮੁੱਖ ਵਿਅਕਤੀ ਤੇ ਰੂਪ ਵਿਚ ਅਲੰਕਾਰਿਤ ਕੀਤਾ ਜਾਂਦਾ ਹੈ, ਜੋ ਕ੍ਰਿਸਮਿਸ ਦੀ ਪੂਰਵ ਸੰਧਿਆ ਤੋਂ ਲੜਕੇ ਅਤੇ ਲੜਕੀਆਂ ਲਈ ਖਿਡੌਣੇ ਲੈ ਕੇ ਆਉਂਦਾ ਹੈ। ਜਦੋਂ ਸੰਤ ਨਿਕੋਲਸ ਧਰਤੀ ਉਪਰ ਚੱਲੇ ਅਤੇ ਉਨ੍ਹਾਂ ਦੀ ਹਿਫ਼ਾਜਿਤ ਲਈ ਸੰਤ ਬਣੇ। ਇਸ ਲਈ ਅਜ ਵੀ ਬੱਚਿਆਂ ਦੇ ਮਹਾਨ ਰਕਸ਼ਕ ਸੰਤ ਜੋ ਸਾਂਤਾ ਦੇ ਰੂਪ ਵੀ ਨਜ਼ਰ ਆਉਂਦੇ ਹਨ। ਫਿਰ ਸਾਂਤਾ ਮਹਾਂਪੁਰਸ਼ ਇਕ ਕਾਲਪ ਨਿਕ ਪ੍ਰਾਣੀ ਜਿੰਨ੍ਹਾਂ ਦੇ ਬਾਰੇ ਸੋਚਿਆ ਜਾਂਦਾ ਹੈ ਕਿ ਉਹ ਕ੍ਰਿਸਮਿਸ ਦੇ ਉਤਸਵ ਦੇ ਸਮੇਂ ਬੱਚਿਆਂ ਲਈ ਉਪਹਾਰ ਲਿਆਉਂਦੇ ਹਨ। ਬੱਚੇ ਉਮੰਗ ਤਰੰਗ ਅਤੇ ਮਨੋਰੰਜ਼ਨ ਦੀ ਭਾਵਨਾ ਨਾਲ ਉਨ੍ਹਾਂ ਦੇ ਨਾਲ ਫ਼ੋਟੋ ਖਿਚਵਾ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਅਨੇਕਾਂ ਬੱਚੇ ਹਰ ਸਾਲ ਕ੍ਰਿਸਮਿਸ ਦੀ ਉਡੀਕ ਵਿਚ ਲਾਲਾਇਕ ਅਤੇ ਉਤਸੁਕਤਾ ਪੂਰਵਕ ਜਗਿਆਸਾ ਨਾਲ ਕ੍ਰਿਸਮਿਸ ਦੀ ਪੂਰਵ ਸੰਧਿਆ ਦਾ ਇੰਤਜ਼ਾਰ ਕਰਦੇ ਹਨ। ਇਸ ਉਤਸਵ ਦੇ ਸੰਦਰਭ ਵਿਚ ਵੱਖ-ਵੱਖ ਜਥੇਬੰਦੀਆਂ, ਸਭਾਵਾਂ, ਕਲਾਕਾਰ, ਗਾਇਕ, ਆਰਟਿਸਟ, ਡਿਜ਼ਾਈਨਰ, ਖੇਡ ਜਥੇਬੰਦੀਆਂ, ਖੇਡ ਵਿਭਾਗ ਅਤੇ ਅਨੇਕਾਂ ਹੀ ਸੰਸਥਾਵਾਂ ਸਿਰਜਨਾਤਮਿਕ ਸਸਤੇ ਕਾਰਜ ਤੇ ਕਿਰਿਆਵਾਂ ਕਰਦੇ ਹਨ ਤਾਂ ਜੋ ਲੋਕਾਂ ਦਾ ਵੱਧ ਤੋਂ ਵੱਧ ਮਨੋਰੰਜ਼ਨ ਹੋ ਸਕੇ। ਆਤਮ ਤੁਸ਼ਟੀ ਅਤੇ ਭੌਤਿਕ-ਸੰਸਾਰੀ ਰੂਪ ਸੁੱਖਾਂ ਦਾ ਆਨੰਦ ਲੈ ਸਕਣ। ਵੇਖਿਆ ਜਾਵੇ ਤਾਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਦਾ ਸੰਗ੍ਰਹਿ ਹੀ ਜੀਵਨ ਹੈ। ਇਸ ਉਤਸਵ ਵਿਚ ਛੋਟੀਆਂ-ਛੋਟੀਆਂ ਖ਼ੁਸ਼ੀਆਂ ਸਿਰੋ ਦਿੱਤੀਆਂ ਜਾਂਦੀਆਂ ਹਨ। ਇਸ ਦਿਨ ਬੱਚਿਆਂ ਲਈ ਤਰ੍ਹਾਂ-ਤਰ੍ਹਾਂ ਦੇ ਪੰਘੂੜੇ, ਬਿਜਲੀ ਉਪਕਰਣ ਖਿਡੌਣੈ, ਝੂਲੇ, ਪੇ-ਟਿੰਗਸ ਮੁਕਾਬਲੇ, ਤਰ੍ਹਾਂ-ਤਰ੍ਹਾਂ ਦੇ ਨ੍ਰਿਤ-ਡਾਂਸ, ਸਾਜ-ਸਜਾਵਟ ਦੇ ਨਾਲ-ਨਾਲ ਇਕ ਅਲੌਕਿਕ ਅਤੇ ਲੋਕਿਕ ਚਮਕਦਾਰ ਰੌਸ਼ਨੀਆਂ ਦੇ ਪ੍ਰਕਾਸ਼ ਦਾ ਗਗਨ ਚੁੰਬੀ ਨਜ਼ਾਰਾ ਕਿਸੇ ਜੰਨਤ ਦਾ ਸਾਰਥਕ ਰੂਪ ਹੋ ਨਿਬੜਦਾ ਹੈ। ਤਰ੍ਹਾਂ-ਤਰ੍ਹਾਂ ਦੀ ਅਦੁਭੁਤ, ਰੰਗੀਨ, ਫਬੀਲੀ ਮਨਮੋਹਿਦੀ, ਸੁੰਦਰਤਾ ਦੀ ਸ਼ੈਲੀ ਅਤੇ ਸ਼ਿਲਪ ਵਿਚ ਲੈਂਡ ਸਕੇਪਿੰਗ ਜੰਨਤ ਦੀ ਪਰਾਏਵਾਚੀ ਹੋ ਜਾਂਦੀ ਹੈ। ਕਣ-ਕਣ ਵਿਚ ਪ੍ਰਭੂ ਯਿਸੂ ਦੀ ਮਹਿਮਾ ਦਾ ਨਜ਼ਾਰਾਂ ਨਜ਼ਰ ਆਉਂਦਾ ਹੈ। ਰੰਗਾਂ, ਢੰਗਾਂ, ਸੰਗਾਂ, ਉਮੰਗਾਂ, ਲਲਕ, ਲਪਕ ਦੇ ਸਮੋਹਿਕ ਦ੍ਰਿਸ਼ਾਂ ਵਿਚ ਚਾਰੇ ਪਾਸੇ ਪ੍ਰਭੂ ਯਿਸੂ ਦਾ ਗੁਣਗਾਣ ਅਤੇ ਉਸਤਿਤ ਵਿਚ ਸਮਾਜਿਕ ਪ੍ਰਭੂਤਾ ਦੇ ਬੋਧ ਵਿਚ ਇਕ ਪਰੰਪਰਾ ਨੂੰ ਸਾਕਾਰ ਰੂਪ ਹੋ ਜਾਂਦਾ ਹੈ। ਆਉ ਰਲ ਮਿਲ ਸਭ ਸਾਂਝੀਵਾਲਤਾ ਵਿਚ ਕ੍ਰਿਸਮਿਸ ਉਤਸਵ ਮਨਾਈਏ।

—ਬਲਵਿੰਦਰ ਬਾਲਮ

**ਇਸ ਉਤਸਵ ਨੂੰ ਮੁੱਖ ਰੂਪ ਵਿਚ ਲਾਲ ਰੰਗ ਦੇ ਹੱਸ ਮੁੱਖ ਵਿਅਕਤੀ ਤੇ ਰੂਪ ਵਿਚ ਅਲੰਕਾਰਿਤ ਕੀਤਾ ਜਾਂਦਾ ਹੈ, ਜੋ ਕ੍ਰਿਸਮਿਸ ਦੀ ਪੂਰਵ ਸੰਧਿਆ ਤੋਂ ਲੜਕੇ ਅਤੇ ਲੜਕੀਆਂ ਲਈ ਖਿਡੌਣੇ ਲੈ ਕੇ ਆਉਂਦਾ ਹੈ। ਜਦੋਂ ਸੰਤ ਨਿਕੋਲਸ ਧਰਤੀ ਉਪਰ ਚੱਲੇ ਅਤੇ ਉਨ੍ਹਾਂ ਦੀ ਹਿਫ਼ਾਜਿਤ ਲਈ ਸੰਤ ਬਣੇ। ਇਸ ਲਈ ਅਜ ਵੀ ਬੱਚਿਆਂ ਦੇ ਮਹਾਨ ਰਕਸ਼ਕ ਸੰਤ ਜੋ ਸਾਂਤਾ ਦੇ ਰੂਪ ਵੀ ਨਜ਼ਰ ਆਉਂਦੇ ਹਨ।**




WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਪ੍ਰਸਿੱਧ ਕਾਲਮ ਨਵੀਸ ਉਜਾਗਰ ਸਿੰਘ ਲਾਈਫ਼ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ




ਸਰੀ (ਹਰਦਮ ਮਾਨ)- ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਅਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਪੰਜਾਬੀ ਦੇ ਪ੍ਰਸਿੱਧ ਕਾਲਮ ਨਵੀਸ, ਲੇਖਕ ਅਤੇ ਸਾਬਕਾ ਜ਼ਿਲਾ ਲੋਕ ਸੰਪਰਕ ਅਧਿਕਾਰੀ ਪਟਿਆਲਾ ਉਜਾਗਰ ਸਿੰਘ ਨੂੰ ਲਾਈਫ਼ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਦੇ ਵਿਹੜੇ ਵਿਖੇ ਇਕ ਸਮਾਗਮ ਵਿੱਚ ਉਨ੍ਹਾਂ ਨੂੰ ਇਹ ਅਵਾਰਡ ਪ੍ਰਦਾਨ ਕੀਤਾ ਗਿਆ। ਇਹ ਅਵਾਰਡ ਪ੍ਰੋ. ਬਲਕਾਰ ਸਿੰਘ, ਡਾ. ਕੇਹਰ ਸਿੰਘ ਅਤੇ ਡਾ. ਭੀਮਇੰਦਰ ਸਿੰਘ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਨੇ ਸਾਂਝੇ ਤੌਰ 'ਤੇ ਸਨਮਾਨ ਪੱਤਰ ਅਤੇ ਸਿਰੋਪਾਓ ਦੇ ਕੇ ਪ੍ਰਦਾਨ ਕੀਤਾ। ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਰੂਹੇ ਰਵਾਂ ਜੈਤੇ ਸਿੰਘ ਅਨੰਤ ਨੇ ਆਪਣੇ ਇੱਕ ਸੰਦੇਸ਼ ਵਿੱਚ ਕਿਹਾ ਕਿ ਉਜਾਗਰ ਸਿੰਘ ਨੇ ਟਰੱਸਟ ਦੇ ਇੰਡੀਆ ਚੈਪਟਰ ਦੇ ਕੋਆਰਡੀਨੇਟਰ ਦੇ ਤੌਰ 'ਤੇ ਸ਼ਲਾਘਾਯੋਗ ਕੰਮ ਕੀਤਾ ਹੈ ਅਤੇ ਉਨ੍ਹਾਂ ਦੇ ਯੋਗਦਾਨ ਲਈ ਇਹ ਅਵਾਰਡ ਇੱਕ ਤੁੱਛ ਜਿਹੀ ਭੇਟਾ ਹੈ। ਇਸ ਮੌਕੇ ਬੋਲਦਿਆਂ ਪ੍ਰੋ. ਬਲਕਾਰ ਸਿੰਘ ਨੇ ਉਜਾਗਰ ਸਿੰਘ ਦੇ ਯੋਗਦਾਨ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੇ ਸਮਾਜਿਕ ਅਤੇ ਸਭਿਅਚਾਰਕ ਖੇਤਰ ਵਿੱਚ ਕਾਰਜਸ਼ੀਲ ਹੁੰਦਿਆਂ ਪੰਜਾਬੀ ਦੀ ਪ੍ਰਫੁੱਲਤਾ ਲਈ ਵਿਲੱਖਣ ਯੋਗਦਾਨ ਪਾਇਆ ਹੈ। ਉਨ੍ਹਾਂ ਨੂੰ ਇਮਾਨਦਾਰੀ, ਮਿਹਨਤ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਪ੍ਰਤੀਬੱਧਤਾ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ। ਡਾ.ਕੇਹਰ ਸਿੰਘ ਅਤੇ ਡਾ. ਭੀਮਇੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਉਜਾਗਰ ਸਿੰਘ ਦੇ ਸਿਦਕ ਤੇ ਸਿਰੜ ਦੇ ਜੀਵਨ ਤੋਂ ਸਿੱਖਿਆ ਲੈ ਕੇ ਖੋਜ ਕਾਰਜ ਪ੍ਰਤੀਬੱਧਤਾ ਨਾਲ ਕਰਨੇ ਚਾਹੀਦੇ ਹਨ। ਡਾ. ਦਰਸ਼ਨ ਸਿੰਘ ਆਸ਼ਟ ਨੇ ਉਜਾਗਰ ਸਿੰਘ ਦਾ ਸਨਮਾਨ ਪੱਤਰ ਪੜ੍ਹਦਿਆਂ ਕਿਹਾ ਕਿ ਉਜਾਗਰ ਸਿੰਘ ਨੇ ਪੰਜਾਬੀ ਬੋਲੀ ਦੀ ਝੋਲੀ ਵਿਚ ਇਕ ਦਰਜਨ ਪੁਸਤਕਾਂ ਪਾਈਆਂ ਹਨ। ਇਸ ਤੋਂ ਇਲਾਵਾ ਪੰਜਾਬੀ ਦੇ ਰਸਾਲਿਆਂ ਦੇ ਸੰਪਾਦਕ ਹੁੰਦਿਆਂ ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਉਹ ਪੰਜਾਬੀ ਭਾਸ਼ਾ ਦੇ ਵਿਕਾਸ ਸੰਬੰਧੀ ਪੂਰਨ ਸਮਰਪਿਤ ਹਨ। ਇਸ ਮੌਕੇ 'ਤੇ ਦਲੀਪ ਸਿੰਘ ਉਪਲ ਅਤੇ ਅਵਤਾਰ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਇੰਜ. ਜੋਤਿੰਦਰ ਸਿੰਘ ਨੇ ਸਮਾਗਮ ਵਿਚ ਹਿੱਸਾ ਲੈਣ ਵਾਲਿਆਂ ਦਾ ਧੰਨਵਾਦ ਕਰਦਿਆਂ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਦੀਆਂ ਸਰਗਮੀਆਂ ਬਾਰੇ ਜਾਣਕਾਰੀ ਦਿੱਤੀ।

## ਮਹਾਨ ਚਿੱਤਰਕਾਰ ਕਿਰਪਾਲ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਚਿੱਤਰ ਪ੍ਰਦਰਸ਼ਨੀ 16-17 ਦਸੰਬਰ ਨੂੰ

ਸਰੀ (ਹਰਦਮ ਮਾਨ)-ਸਿੱਖ ਇਤਿਹਾਸ ਤੇ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬਾਨੀ ਚਿੱਤਰਕਾਰ ਸਰਦਾਰ ਕਿਰਪਾਲ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਇੱਕ ਵਿਸ਼ੇਸ਼ ਚਿੱਤਰ ਪ੍ਰਦਰਸ਼ਨੀ ਜਰਨੈਲ ਆਰਟ ਗੈਲਰੀ ਸਰੀ (106 12882 ਤੇ 85 ਐਵਨਿਊ) ਵਿਖੇ 16 ਅਤੇ 17 ਦਸੰਬਰ ਨੂੰ ਲਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਨੇ ਦੱਸਿਆ ਹੈ ਕਿ ਇਸ ਚਿੱਤਰ ਪ੍ਰਦਰਸ਼ਨੀ ਵਿੱਚ ਜਰਨੈਲ ਆਰਟ ਗੈਲਰੀ ਦੇ ਵਿਦਿਆਰਥੀਆਂ ਦੀਆਂ ਕਲਾ ਕਿਰਤਾਂ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ। ਵਰਣਨਯੋਗ ਹੈ ਕਿ ਸਿੱਖ ਇਤਿਹਾਸ ਤੇ ਪੰਜਾਬੀ ਸੱਭਿਆਚਾਰ ਦੇ ਉੱਘੇ ਚਿੱਤਰਕਾਰ ਜਰਨੈਲ ਸਿੰਘ ਪਿਛਲੇ ਕਈ ਸਾਲਾਂ ਤੋਂ ਬੱਚਿਆਂ ਤੇ ਬਾਲਗਾਂ ਨੂੰ ਆਰਟ ਕਲਾਸਾਂ ਰਾਹੀਂ ਚਿਤਰਕਲਾ ਨਾਲ ਜੋੜਨ ਵਿੱਚ ਲੱਗੇ ਹੋਏ ਹਨ। ਉਹਨਾਂ ਦੱਸਿਆ ਕਿ ਇਹ ਦੂਜੀ ਪ੍ਰਦਰਸ਼ਨੀ ਹੈ ਜਿਸ ਦਾ ਉਦਘਾਟਨ 16 ਦਸੰਬਰ ਨੂੰ ਦੁਪਹਿਰ 12 ਵਜੇ ਹੋਵੇਗਾ ਅਤੇ 17 ਦਸੰਬਰ ਨੂੰ 10 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਇਹ ਪ੍ਰਦਰਸ਼ਨੀ ਦਰਸ਼ਕਾਂ ਲਈ ਖੁੱਲ੍ਹੀ ਰਹੇਗੀ। ਇਸ ਪ੍ਰਦਰਸ਼ਨੀ ਸੰਬੰਧੀ ਹੋਰ ਜਾਣਕਾਰੀ ਲੈਣ ਲਈ ਜਰਨੈਲ ਸਿੰਘ ਨਾਲ 604 825 4659 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਲੋਕ ਸਭਾ 'ਚ ਸੁਰੱਖਿਆ ਦੀ ਉਲੰਘਣਾ ਨੇ ਬੇਰੁਜ਼ਗਾਰੀ ਦਾ ਮੁੱਦਾ ਉਭਾਰਿਆ

ਨਵੀਂ ਦਿੱਲੀ-ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਵੀਰਵਾਰ ਨੂੰ ਕਿਹਾ ਕਿ ਲੋਕ ਸਭਾ ਵਿੱਚ ਸੁਰੱਖਿਆ ਦੀ ਉਲੰਘਣਾ ਨੇ ਦੇਸ਼ ਵਿੱਚ ਬੇਰੁਜ਼ਗਾਰੀ ਦੇ ਮੁੱਦੇ ਨੂੰ ਉਭਾਰਿਆ ਹੈ ਅਤੇ ਸੁਰੱਖਿਆ ਵਿੱਚ ਕਮੀਆਂ ਦਾ ਪਰਦਾਫਾਸ਼ ਕੀਤਾ ਹੈ। ਕਾਂਗਰਸ ਆਗੂ ਅਧੀਰ ਰੰਜਨ ਚੌਧਰੀ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੋਧੀ ਧਿਰ ਨੂੰ ਕਹਿ ਰਹੇ ਸਨ ਕਿ ਉਹ ਸੰਸਦ ਸੈਸ਼ਨ ਦੌਰਾਨ ਵਿਧਾਨ ਸਭਾ ਚੋਣਾਂ ਵਿੱਚ ਹਾਰ ਦਾ ਗੁੱਸਾ ਬਾਹਰ ਨਾ ਕੱਢਣ। ਉਨ੍ਹਾਂ ਕਿਹਾ ਕਿ ਲੋਕ ਸਭਾ ਚੈਂਬਰ ਵਿੱਚ ਘੁਸਪੈਠ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਨੇ ਸੰਸਦ ਭਵਨ ਦੀ ਸੁਰੱਖਿਆ ਵਿੱਚ ਕਮੀਆਂ ਦਾ ਪਰਦਾਫਾਸ਼ ਕੀਤਾ ਹੈ। ਸ਼ਿਵ ਸੈਨਾ (ਯੂਬੀਟੀ) ਦੇ ਆਗੂ ਸੰਜੇ ਰਾਉਤ ਨੇ ਕਿਹਾ ਕਿ ਸੰਸਦ ਦੀ ਸੁਰੱਖਿਆ ਦੀ ਉਲੰਘਣਾ ਕਰਨ ਵਾਲੇ ਨੌਜਵਾਨ ਬੇਰੁਜ਼ਗਾਰੀ ਅਤੇ ਮਹਿੰਗਾਈ ਨੂੰ ਲੈ ਕੇ ਦੇਸ਼ ਵਿੱਚ ਫੈਲੀ ਨਿਰਾਸ਼ਾ ਨੂੰ ਜ਼ਾਹਿਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੁਰੱਖਿਆ ਦੀ ਉਲੰਘਣਾ ਕਰਨ ਵਾਲੇ ਅਤਿਵਾਦੀ ਨਹੀਂ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਅਪਣਾਇਆ ਰਾਹ ਉਹ ਭਾਵਨਾਵਾਂ ਜ਼ਾਹਿਰ ਕਰਦਾ ਹੈ ਜੋ ਦੇਸ਼ ਦੀਆਂ ਹਨ ਜਿਵੇਂ ਬੇਰੁਜ਼ਗਾਰੀ, ਮਹਿੰਗਾਈ, ਅਸਥਿਰਤਾ ਅਤੇ ਬੇਚੈਨੀ। ਉਹ ਬੇਰੁਜ਼ਗਾਰ ਹਨ ਤੇ ਅਜਿਹੇ ਨੌਜਵਾਨਾਂ ਨੇ ਜੇ ਨਿਰਾਸ਼ਾ 'ਚੋਂ ਇਹ ਰਾਹ ਚੁਣਿਆ ਹੈ ਤਾਂ ਇਹ ਸ਼ੁਰੂਆਤ ਹੈ। ਰਾਉਤ ਨੇ ਪੱਤਰਕਾਰਾਂ ਨੂੰ ਕਿਹਾ ਕਿ ਸੁਰੱਖਿਆ ਦੀ ਉਲੰਘਣਾ ਵਿੱਚ ਸ਼ਾਮਲ ਨੌਜਵਾਨ ਬੇਰੁਜ਼ਗਾਰ ਸਨ ਅਤੇ ਉਨ੍ਹਾਂ ਕੋਲ 'ਪਕੌੜੇ' ਵੇਚਣ ਦੀ ਗੁੰਜਾਇਸ਼ ਵੀ ਨਹੀਂ ਸੀ। ਉਨ੍ਹਾਂ ਪ੍ਰਧਾਨ ਮੰਤਰੀ ਮੋਦੀ 'ਤੇ ਸਪੱਸ਼ਟ ਤੌਰ 'ਤੇ ਤਨਜ਼ ਕੱਸਿਆ।

## ਸੰਸਦ ਦੀ ਸੁਰੱਖਿਆ ਖ਼ਾਮੀਆਂ ਦੇ ਮਾਮਲੇ 'ਚ ਲੋਕ ਸਭਾ ਸਕੱਤਰੇਤ ਨੇ 8 ਮੁਲਾਜ਼ਮ ਮੁਅੱਤਲ ਕੀਤੇ

ਨਵੀਂ ਦਿੱਲੀ-ਲੋਕ ਸਭਾ ਸਕੱਤਰੇਤ ਨੇ ਸੰਸਦ ਦੀ ਸੁਰੱਖਿਆ ਵਿਚ ਕੁਤਾਹੀ ਮਾਮਲੇ ਵਿਚ ਅੱਠ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਸੂਤਰਾਂ ਨੇ ਅੱਜ ਦੱਸਿਆ ਕਿ ਮੁਅੱਤਲ ਕੀਤੇ ਵਿਅਕਤੀਆਂ ਦੀ ਪਛਾਣ ਰਾਮਪਾਲ, ਅਰਵਿੰਦ, ਵੀਰ ਦਾਸ, ਗਣੇਸ਼, ਅਨਿਲ, ਪ੍ਰਦੀਪ, ਵਿਮਿਤ ਅਤੇ ਨਰਿੰਦਰ ਵਜੋਂ ਹੋਈ ਹੈ।


Injured in an accident?

ICBC claim?

We can help.

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RM RANDHAWA MINHAS LLP

PERSONAL INJURY LAWYERS

T 604-449-7500 F 604-449-7501

msr@randhawalaw.ca www.randhawalaw.ca

200 – 6245 136th Street, Surrey, BC.

# ਪੰਜਾਬ ਸਾਹਿਤ ਅਕਾਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਆਨ-ਲਾਈਨ ਕਾਵਿ ਮਿਲਣੀ

ਸਰੀ (ਹਰਦਮ ਮਾਨ)- ਪੰਜਾਬ ਸਾਹਿਤ ਅਕਾਡਮੀ ਅਤੇ ਅੰਤਰ ਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਬੀਤੇ ਦਿਨ ਆਨ-ਲਾਈਨ ਕਾਵਿ ਮਿਲਣੀ ਕਰਵਾਈ ਗਈ। ਇਸ ਵਿੱਚ ਵੱਖ ਵੱਖ ਦੇਸ਼ਾਂ ਤੋਂ ਪ੍ਰਸਿੱਧ ਸ਼ਾਇਰਾਂ ਦੇ ਨਾਲ ਨਾਲ ਉੱਭਰਦੇ ਸ਼ਹਿਰਾਂ ਨੇ ਵੀ ਸ਼ਮੂਲੀਅਤ ਕੀਤੀ। ਕਾਵਿ ਮਿਲਣੀ ਦੀ ਪ੍ਰਧਾਨਗੀ ਪ੍ਰਿੰ. ਹਰਜਿੰਦਰ ਕੌਰ ਸੰਧਰ ਨੇ ਕੀਤੀ।



ਪੰਜਾਬ ਸਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ ਨੇ ਕਾਵਿ ਮਿਲਣੀ ਵਿੱਚ ਸ਼ਾਮਲ ਮੈਂਬਰਾਂ ਨੂੰ ਨਿੱਘੀ ਜੀ ਆਇਆਂ ਕਿਹਾ। ਉਹਨਾਂ ਕਿਹਾ ਕਿ ਅਗਲੇ ਸਾਲ ਤੋਂ ਇਸ ਕਾਵਿ ਮਿਲਣੀ ਵਿੱਚ ਹੋਰ ਨਵੇਂ ਵਿਸ਼ਿਆਂ ਤੇ ਨਵੇਂ ਰੰਗਾਂ ਨਾਲ ਸ਼ਿਗਾਰਿਆ ਜਾਵੇਗਾ। ਉਹਨਾਂ ਵਾਤਾਵਰਣ, ਪਾਣੀ ਤੇ ਪਸ਼ੂ-ਪੰਛੀਆਂ ਦੀ ਸੰਭਾਲ ਕਰਨ ਅਤੇ ਵਾਤਾਵਰਨ ਨੂੰ ਸਾਫ ਸੁਥਰਾ ਗੱਲ ਰੱਖਣ ਦੀ ਗੱਲ ਕਹੀ। ਡਾ. ਸੋਹਲ ਨੇ ਇਸ ਕਾਵਿ ਮਿਲਣੀ ਲਈ ਲਗਾਤਾਰ ਮਿਹਨਤ ਕਰ ਰਹੀ ਰਮਿੰਦਰ ਰਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਪਿਛਲੇ ਤਿੰਨ ਚਾਰ ਸਾਲ ਤੋਂ ਲਗਾਤਾਰ ਇਹ ਪ੍ਰੋਗਰਾਮ ਕਰਵਾ ਰਹੇ ਹਨ ਅਤੇ ਹੁਣ ਤੱਕ 500 ਤੋਂ ਵਧੇਰੇ ਕਵੀ ਇਸ ਕਾਵਿ ਮਿਲਣੀ ਦਾ ਹਿੱਸਾ ਬਣ ਚੁੱਕੇ ਹਨ। ਡਾ. ਸੋਹਲ ਨੇ ਇਸ ਮੌਕੇ ਆਪਣੀ ਇਕ ਖ਼ੂਬਸੂਰਤ ਕਾਵਿ ਰਚਨਾ 'ਅੱਜ ਕੱਲ੍ਹ ਕੁੜੀਆਂ ਜਿਉਣ ਲੱਗੀਆਂ ਨੇਂ ਬਹੁਤ ਹੀ ਦਿਲਕਸ਼ ਅੰਦਾਜ਼ ਵਿੱਚ ਪੇਸ਼ ਕੀਤੀ। ਪ੍ਰੋਗਰਾਮ ਦੀ ਹੋਸਟ ਰਿੰਟੂ ਭਾਟੀਆ ਨੇ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ ਤੇ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕਰ ਰਹੇ ਪ੍ਰਿੰਸੀਪਲ ਹਰਜਿੰਦਰ ਕੌਰ ਸੰਧਰ ਦਾ ਸਵਾਗਤ ਕੀਤਾ। ਇਸ ਕਾਵਿ ਵਿੱਚ ਸਹਿਜਪ੍ਰੀਤ ਮਾਂਗਟ, ਰਖਸ਼ੰਦਾ ਨਾਵੇਦ, ਜਤਿੰਦਰ ਢਿੱਲੋਂ, ਹਰਦਿਆਲ ਝੀਤਾ, ਕੁਲਦੀਪ ਕੌਰ ਧੰਜੂ, ਹਰਦਮ ਮਾਨ, ਕੁਲਵੰਤ ਕੌਰ ਢਿੱਲੋਂ, ਹਰਸਿਮਰਤ ਕੌਰ ਵਕੀਲ, ਰਾਜਿੰਦਰਪਾਲ ਕੌਰ, ਤਰਿੰਦਰ ਕੌਰ, ਜੋਬਨਰੂਪ ਸੀਨਾ ਤੇ ਪ੍ਰੇਮ ਪ੍ਰਕਾਸ਼ ਨੇ ਆਪਣੀਆਂ ਖ਼ੂਬਸੂਰਤ ਕਾਵਿ ਰਚਨਾਵਾਂ ਆਪੋ ਆਪਣੇ ਅੰਦਾਜ਼ ਵਿੱਚ ਪੇਸ਼ ਕੀਤੀਆਂ। ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ ਕੌਰ ਤੇ ਰਿੰਟੂ ਭਾਟੀਆ ਨੇ ਵੀ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲੁਆਈ। ਕਾਵਿ ਮਿਲਣੀ ਦੀ ਪ੍ਰਧਾਨਗੀ ਕਰ ਰਹੇ ਪ੍ਰਿੰ. ਹਰਜਿੰਦਰ ਕੌਰ ਸੰਧਰ ਨੇ ਪੇਸ਼ ਕੀਤੀਆਂ ਗਈਆਂ ਕਾਵਿ ਰਚਨਾਵਾਂ ਉੱਪਰ ਆਪਣੇ ਵਿਚਾਰ ਅਤੇ ਆਪਣੀਆਂ ਟਿਪਣੀਆਂ ਪੇਸ਼ ਕੀਤੀਆਂ ਅਤੇ ਕਵੀਆਂ ਨੂੰ ਬਹੁਤ ਹੀ ਉਤਸ਼ਾਹਿਤ ਕੀਤਾ। ਅਖੀਰ ਵਿੱਚ ਪਿਆਰਾ ਸਿੰਘ ਕੁਦੋਵਾਲ (ਮੁੱਖ ਸਲਾਹਕਾਰ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ) ਨੇ ਸਾਰੇ ਹਾਜ਼ਰੀਨ ਮੈਂਬਰਾਂ ਅਤੇ ਸ਼ਾਇਰਾਂ ਦਾ ਧੰਨਵਾਦ ਕੀਤਾ ਅਤੇ ਸਭ ਨੂੰ ਨਵੇਂ ਸਾਲ ਦੀਆਂ ਸ਼ੁਭ ਇੱਛਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਕ੍ਰਿਸਮਿਸ ਦੇ ਤਿਉਹਾਰ ਦੇ ਨਾਲ ਨਾਲ ਸਾਨੂੰ ਆਪਣੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ। ਰਮਿੰਦਰ ਰਮੀ ਨੇ ਵੀ ਇਸ ਪਿਆਰ, ਸਾਥ ਤੇ ਸਹਿਯੋਗ ਦੇਣ ਲਈ ਸਭ ਦਾ ਸ਼ੁਕਰਾਨਾ ਕੀਤਾ ਅਤੇ ਉਮੀਦ ਜ਼ਾਹਰ ਕੀਤੀ ਕਿ ਇਹ ਦੋਸਤੀਆਂ ਤੇ ਮੁਹੱਬਤੀ ਸਾਂਝਾਂ ਇਸੇ ਤਰ੍ਹਾਂ ਬਣੀਆਂ ਰਹਿਣ।



# ਅਮਰੀਕਨ ਪੰਜਾਬੀ ਕਵੀ ਸੁਰਿੰਦਰ ਸਿੰਘ ਸੀਰਤ ਦੀ ਪੁਸਤਕ 'ਜੰਗ ਜਾਰੀ ਹੈ' ਉੱਪਰ ਵਿਚਾਰ ਚਰਚਾ

ਸਰੀ (ਹਰਦਮ ਮਾਨ)- ਬੀਤੇ ਦਿਨੀਂ ਸ਼ਬਦ ਵਿਚਾਰ ਮੰਚ ਵੱਲੋਂ ਅਮਰੀਕਨ ਪੰਜਾਬੀ ਕਵੀ ਸੁਰਿੰਦਰ ਸਿੰਘ ਸੀਰਤ ਦੀ ਪੁਸਤਕ 'ਜੰਗ ਜਾਰੀ ਹੈ' ਰਿਲੀਜ਼ ਕਰਨ ਅਤੇ ਇਸ ਉੱਪਰ ਵਿਚਾਰ ਚਰਚਾ ਕਰਨ ਲਈ ਇਕ ਸਮਾਗਮ ਪੰਜਾਬ ਯੂਨੀਵਰਸਿਟੀ ਦੇ ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਸਕੂਲ ਆਫ਼ ਪੰਜਾਬੀ ਸਟੱਡੀਜ਼ ਦੇ ਚੇਅਰਪਰਸਨ ਡਾ. ਸਰਬਜੀਤ ਸਿੰਘ ਨੇ ਕੀਤੀ ਅਤੇ ਕੈਨੇਡਾ ਦੀ ਸਮਾਜ ਸੇਵੀ ਸ਼ਖ਼ਸੀਅਤ ਅਜਾਇਬ ਸਿੰਘ ਚੱਠਾ ਇਸ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਅਕਾਦਮਿਕ ਮੁਖੀ ਡਾ. ਗੁਰਪਾਲ ਸਿੰਘ ਨੇ ਸਭਨਾਂ ਸ਼ਖ਼ਸੀਅਤਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਜੋਕੇ ਸਮੇਂ ਵਿੱਚ ਜਿੱਥੇ ਦੁਨੀਆ ਵਿੱਚ ਹਰ ਚੀਜ਼ ਗੁੰਝਲਦਾਰ ਅਤੇ ਔਖੀ ਹੈ, ਉੱਥੇ ਪਛਾਣ, ਹੋਂਦ, ਟਕਰਾਅ, ਮਾਨਤਾ ਅਤੇ ਪੁਸ਼ਟੀ ਵਰਗੀਆਂ ਮਹੱਤਵਪੂਰਨ ਸਮੱਸਿਆਵਾਂ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ। ਦੁਨੀਆ ਭਰ ਵਿਚ ਪ੍ਰਵਾਸੀ ਭਾਰਤੀ ਇਕ ਨਵੀਂ ਕਿਸਮ ਦੇ ਵਰਤਾਰੇ ਦਾ ਸਾਹਮਣਾ ਕਰ ਰਹੇ ਹਨ। ਪਰਵਾਸੀ ਦੂਸਰਿਆਂ ਨੂੰ ਪ੍ਰਭਾਵਿਤ ਕਰ ਰਹੇ ਹਨ ਅਤੇ ਦੂਜਿਆਂ ਦੁਆਰਾ ਵੀ ਪ੍ਰਭਾਵਿਤ ਹੋ ਰਹੇ ਹਨ। ਇਹ ਸੰਚਾਰ ਅਤੇ ਤਬਦੀਲੀ ਦਾ ਯੁੱਗ ਹੈ। ਸ਼ਾਇਰ ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਇਹ ਰਚਨਾ ਉਨ੍ਹਾਂ ਦੀ ਦੂਜੇ ਦੇਸ਼ ਵਿੱਚ ਭਾਰਤੀ ਪ੍ਰਵਾਸੀਆਂ ਬਾਰੇ ਸਮਝ ਅਤੇ ਅਨੁਭਵ ਦਾ ਪ੍ਰਤੀਕ ਹੈ। ਮੁੱਖ ਮਹਿਮਾਨ ਕੈਨੇਡੀਅਨ ਸਮਾਜ ਸੇਵੀ ਅਜੈਬ ਸਿੰਘ ਚੱਠਾ ਨੇ ਕਿਹਾ ਕਿ ਮੌਜੂਦਾ ਕਾਰਜ ਸਮਾਜ 'ਤੇ ਕਾਫੀ ਪ੍ਰਭਾਵ ਪਾਉਂਦੇ ਹਨ। ਕਿਸੇ ਸਮਾਜ ਜਾਂ ਸਮੂਹ ਲਈ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਨੂੰ ਸਮਝਣਾ ਜ਼ਰੂਰੀ ਹੈ ਅਤੇ ਘਟਨਾਵਾਂ ਨੂੰ ਸਮਝੇ ਬਿਨਾਂ ਅਸੀਂ ਸਵੈ-ਵਿਨਾਸ਼ ਵੱਲ ਲੈ ਜਾ ਸਕਦੇ ਹਾਂ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਕੂਲ ਆਫ਼ ਪੰਜਾਬੀ ਸਟੱਡੀਜ਼ ਦੇ ਚੇਅਰਪਰਸਨ ਅਤੇ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਸਮਾਜ ਅਤੇ ਸਮੂਹ ਲੋਕਾਂ ਦੀ ਜਾਗਰੂਕਤਾ ਲਈ ਅਜਿਹੇ ਕਾਰਜ ਜ਼ਰੂਰੀ ਹਨ। ਇਹੋ ਜਿਹੀਆਂ ਰਚਨਾਵਾਂ ਸਾਨੂੰ ਇੱਕ ਵਿਦੇਸ਼ੀ ਕੌਮ ਦੇ ਸੰਘਰਸ਼ਾਂ, ਯਤਨਾਂ ਅਤੇ ਉਮੀਦਾਂ ਦੀ ਝਲਕ ਦਿੰਦੀਆਂ ਹਨ। ਲੋਕਾਂ ਲਈ ਇਸ ਤਰ੍ਹਾਂ ਦਾ ਹੋਰ ਵੀ ਬਹੁਤ ਕੰਮ ਕਰਨ ਦੀ ਲੋੜ ਹੈ।

## ਮੁਸ਼ਕਲ ਸਮੇਂ 'ਚ ਸਹੀ ਤਵਾਜ਼ਨ ਬਣਾਉਣ ਦੀ ਚੁਣੌਤੀ-ਰੁਚਿਰਾ ਕੰਬੋਜ

ਸੰਯੁਕਤ ਰਾਸ਼ਟਰ: ਸੰਯਕੁਤ ਰਾਸ਼ਟਰ ਮਹਾਸਭਾ 'ਚ ਗਾਜ਼ਾ 'ਚ ਫੌਰੀ ਜੰਗਬੰਦੀ ਦੀ ਮੰਗ ਵਾਲੇ ਮਤੇ ਦੇ ਪੱਖ 'ਚ ਵੋਟਿੰਗ 'ਤੇ ਭਾਰਤ ਨੇ ਕਿਹਾ ਹੈ ਕਿ ਮੁਸ਼ਕਲ ਸਮੇਂ 'ਚ ਸਹੀ ਤਵਾਜ਼ਨ ਬਣਾ ਕੇ ਚੱਲਣ ਦੀ ਚੁਣੌਤੀ ਹੈ। ਸੰਯੁਕਤ ਰਾਸ਼ਟਰ 'ਚ ਭਾਰਤ ਦੀ ਸਥਾਈ ਪ੍ਰਤੀਨਿਧ ਰੁਚਿਰਾ ਕੰਬੋਜ ਨੇ ਵੋਟਿੰਗ ਮਗਰੋਂ ਕਿਹਾ ਕਿ ਇਹ ਮੁਸ਼ਕਲ ਸਮਾਂ ਹੈ ਅਤੇ ਕੌਮਾਂਤਰੀ ਭਾਈਚਾਰੇ ਦੀ ਮੁਸ਼ਕਲ ਨੂੰ ਸਕੱਤਰ ਜਨਰਲ ਨੇ ਯੂਐੱਨ ਦੇ ਚਾਰਟਰ ਦੀ ਧਾਰਾ 99 'ਚ ਜ਼ਿਕਰ ਕੀਤਾ ਹੈ। ਨਾਗਰਿਕਾਂ ਨੂੰ ਨੁਕਸਾਨ ਤੋਂ ਬਚਾਉਣ ਦਾ ਜ਼ਿਕਰ ਕਰਦਿਆਂ ਅੰਤੋਨੀਓ ਗੁਟੇਰੇਜ਼ ਨੇ ਇਸ ਧਾਰਾ ਦੀ ਪਿਛਲੇ ਹਫ਼ਤੇ ਵਰਤੋਂ ਕੀਤੀ ਸੀ। ਕੰਬੋਜ ਨੇ ਕਿਹਾ ਕਿ ਸਾਰੇ ਹਾਲਾਤ ਨੂੰ ਦੇਖਦਿਆਂ ਕੌਮਾਂਤਰੀ ਮਾਨਵੀ ਕਾਨੂੰਨਾਂ ਦੇ ਪਾਲਣ ਦਾ ਵੀ ਮੁੱਦਾ ਹੈ ਅਤੇ ਫਲਸਤੀਨ ਸਬੰਧੀ ਪੁਰਾਣੇ ਮਸਲੇ ਦਾ ਸ਼ਾਂਤੀਪੂਰਨ ਤੇ ਪੱਕੇ ਦੋ ਰਾਸ਼ਟਰਾਂ ਵਾਲਾ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


TRANSource
FREIGHTWAYS
ਕੰਮ ਲਈ Drivers and
Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ
ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ
ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ
ਅਤੇ ਬਚਿਆਂ ਨਾਲ ਕੀਮਤੀ
ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
TRANSource FREIGHTWAYS
Fuel and Insurance Paid
by Company
NO DEDUCTIONS!!
ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

THANK YOU FOR MAKING US
2022
Outstanding Achievement
National
TOP 20%

PRIVATE
MORTGAGES
No Worries... We Can Help!

Easily available Private Mortgage could be just what you need.

★ Up to $5 million available
★ $10,000 to $1 million in just 24 Hours

★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers



invis
Canada's Mortgage Experts™
MORTGAGE INTELLIGENCE®

Call today to get started
SANJEEV KATYAL
604.767.5194
info@katyalmortgage.ca

WWW.KATYALMORTGAGE.CA

# ਸਿਨਸਿਨੈਟੀ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ‘ਤੇ ਤੰਤੀ ਸਾਜ਼ਾਂ ਨਾਲ ਸਜਾਏ ਗਏ ਕੀਰਤਨ ਦਰਬਾਰ, ਕੱਢਿਆ ਗਿਆ ਨਗਰ ਕੀਰਤਨ






ਸਿਨਸਿਨੈਟੀ-ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ 554ਵਾਂ ਪ੍ਰਕਾਸ਼ ਪੁਰਬ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨੈਟੀ ਵਿਖੇ ਗੁਰਦੁਆਰਾ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨੈਟੀ ਦੀ ਸਮੂਹ ਸਾਧ ਸੰਗਤ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਪੁਰਬ ਦੇ ਸੰਬੰਧ ਵਿੱਚ ਤਿੰਨ ਦਿਨਾਂ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਗਏ ਜਿਸ ਵਿੱਚ ਕੈਲੀਫੋਰਨੀਆਂ ਤੋਂ ਆਏ ਭਾਈ ਮਨਬੀਰ ਸਿੰਘ, ਭਾਈ ਗੁਰਵਿੰਦਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਜੀ ਦੇ ਜੱਥੇ ਨੇ ਗੁਰੂ ਸਾਹਿਬ ਦੇ ਵੇਲੇ ਦੇ ਤੰਤੀ ਸਾਜ਼ ਰਬਾਬ ਅਤੇ ਦਿਲਰੁਬਾ ਨਾਲ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਅਖੀਰਲੇ ਦਿਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੰਗਤਾਂ ਰੱਸ ਭਿੰਨੇ ਕੀਰਤਨ ਵਿੱਚ ਇਹਨੀਆਂ ਲੀਨ ਹੋ ਗਈਆਂ ਕਿ ਭਾਈ ਮਨਬੀਰ ਸਿੰਘ ਜੀ ਇਹਨਾਂ ਸਾਜ਼ਾਂ ਨਾਲ 2 ਘੰਟੇ ਤੋਂ ਵੀ ਵੱਧ ਸਮੇਂ ਲਈ ਕੀਰਤਨ ਕਰਦੇ ਰਹੇ। ਇਹਨਾਂ ਸਮਾਗਮਾਂ ਦੌਰਾਨ ਇਹਨਾਂ ਸਾਜ਼ਾਂ ਦੀ ਸੰਗਤ, ਖਾਸਕਰ ਬੱਚਿਆਂ ਨੂੰ ਸਿੱਖਿਆ ਦੇਣ ਲਈ ਵਰਕਸ਼ਾਪ ਦਾ ਵੀ ਪ੍ਰਬੰਧ ਕੀਤਾ ਗਿਆ। ਇਸ ਵਿੱਚ ਜੱਥੇ ਨੇ ਇਹਨਾਂ ਸਾਜ਼ਾਂ ਦੀ ਮਹੱਤਤਾ, ਇਹਨਾਂ ਨੂੰ ਕਿਵੇਂ ਵਜਾਉਣਾ ਹੈ ਬਾਰੇ ਜਾਣਕਾਰੀ ਦਿੱਤੀ। ਸਮਾਗਮਾਂ ਦੇ ਦੂਜੇ ਦਿਨ ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆ ਦੀ ਅਗਵਾਈ ਹੇਠ ਨਗਰ ਕੀਰਤਨ ਵੀ ਸਜਾਏ ਗਏ। ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਨਾਲ ਲਗਦੀਆਂ ਕਈ ਰਿਹਾਸ਼ੀ ਅਬਾਦੀਆਂ ਵਿੱਚੋਂ ਦੀ ਲੰਗਿਆ। ਰਸਤੇ ਵਿੱਚ ਇਹਨਾਂ ਅਬਾਦੀਆਂ ਵਿੱਚ ਰਹਿੰਦੀਆਂ ਸਿੱਖ ਸੰਗਤਾਂ ਵਲੋਂ ਗਰਮ ਦੁੱਧ, ਪਾਣੀ, ਫਲਾਂ ਆਦਿ ਦੇ ਲੰਗਰ ਵੀ ਸੰਗਤਾਂ ਨੂੰ ਵਰਤਾਏ ਗਏ। ਅਮਰੀਕਨਾਂ ਨੇ ਵੀ ਆਪਣੇ ਘਰਾਂ ਦੇ ਬਾਹਰ ਆ ਕੇ ਸਿੱਖ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਇਸ ਨਾਲ ਉਹਨਾਂ ਨੂੰ ਵੀ ਸਿੱਖਾਂ ਬਾਰੇ ਜਾਣਕਾਰੀ ਮਿਲੀ। ਸਰਦੀ ਹੋਣ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਸਿਨਸਿਨੈਟੀ ਦੇ ਨਾਲ ਲੱਗਦੇ ਸ਼ਹਿਰ ਡੇਟਨ, ਅਤੇ ਕੈਨਟੱਕੀ ਸੂਬੇ ਤੋਂ ਵੀ ਸੰਗਤਾਂ ਇਸ ਵਿੱਚ ਸ਼ਾਮਲ ਹੋਈਆਂ। ਇਸ ਦੌਰਾਨ ਤਿੰਨੋ ਦਿਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਨੇ ਇਹਨਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ, ਸੰਗਤ ਅਤੇ ਨਗਰ ਕੀਰਤਨ ਦੌਰਾਨ ਆਪਣੀਆਂ ਸੇਵਾਵਾਂ ਦੇਣ ਲਈ ਵੈਸਟ ਚੈਸਟਰ ਪੁਲਿਸ ਦਾ ਧੰਨਵਾਦ ਕੀਤਾ।

ਸਾਹ ਦੀ ਬਿਮਾਰੀ ਦੇ ਮੌਸਮ ਲਈ ਸਿਹਤਮੰਦ ਆਦਤਾਂ

ਇਹ ਸਹੀ ਸਮਾਂ ਹੈ। ਫਲੂ ਅਤੇ ਅੱਪਡੇਟ ਕੀਤੇ ਕੋਵਿਡ ਸ਼ਾਟ ਲਗਵਾਓ।

ਅਤੇ ਇਹਨਾਂ ਵਾਧੂ ਸਿਹਤਮੰਦ ਆਦਤਾਂ ਦੀ ਪਾਲਣਾ ਕਰਨਾ ਯਾਦ ਰੱਖੋ।

- ਖੰਘਦੇ ਅਤੇ ਛਿੱਕਦੇ ਸਮੇਂ ਮੂੰਹ ਢਕੋ।
- ਆਪਣੇ ਹੱਥਾਂ ਨੂੰ ਵਾਰ-ਵਾਰ ਸਾਫ਼ ਕਰੋ ਜਾਂ ਸੈਨੇਟਾਈਜ਼ ਕਰੋ।
- ਜੇਕਰ ਤੁਸੀਂ ਬਿਮਾਰ ਹੋ ਤਾਂ ਘਰ ਰਹੋ।

ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਵਿੱਚ ਮਦਦ ਕਰੋ।



BRITISH COLUMBIA
HealthyHabitsBC.ca




# ਸਿਹਤਮੰਦ ਖ਼ੁਰਾਕ ਦੇ ਨੁਕਤੇ ਤੇ ਖਾਣ ਦੀਆਂ ਆਦਤਾਂ

1. ਦਿਨ ਵਿੱਚ 1-2 ਵਾਰ ਜ਼ਿਆਦਾ ਖਾਣ ਨਾਲੋਂ 3-4 ਜਾਂ 5 ਵਾਰ ਘੱਟ ਮਿਕਦਾਰ ਵਿੱਚ ਖਾਣਾ ਖਾਓ।
2. ਪਾਣੀ: ਸਰੀਰ ਦੇ ਠੀਕ ਕੰਮ-ਕਾਰ ਕਰਨ ਲਈ ਦਿਨ ਵਿੱਚ 6-8 ਗਲਾਸ ਪਾਣੀ ਪੀਣਾ ਬਹੁਤ ਜ਼ਰੂਰੀ ਹੈ।
3. ਚਰਬੀ:- ਫ਼ਾਇਦੇਮੰਦ ਚਰਬੀ ਦੇ ਸ੍ਰੋਤ: ਮੂੰਗਫਲੀ, ਜੈਤੂਨ ਦਾ ਤੇਲ (ਔਲਿਵ), ਵੈਜੀਟੇਬਲ ਤੇਲ, ਬੀਜ, ਨੱਟਸ, ਐਵੋਕੈਡੋ ਵਰਤੋਂ ਵਿੱਚ ਲਿਆਓ। ਨੁਕਸਾਨਦਾਇਕ ਚਰਬੀ ਦੇ ਸ੍ਰੋਤ: ਮੱਖਣ, ਸਲਾਦ ਡਰੈਸਿੰਗ, ਮਾਰਜੇਰੀਨ, ਨਾਰੀਅਲ ਦਾ ਤੇਲ, ਪਾਮ ਦਾ ਤੇਲ, ਮੇਓਨੀਜ਼ ਤੋਂ ਪਰਹੇਜ਼ ਕਰੋ।
4. ਦਹੀਂ : ਦਹੀਂ ਵਿੱਚ ਪ੍ਰੋਟੀਨ, ਕੈਲਸ਼ੀਅਮ, ਪ੍ਰੋ-ਬਾਇਓਟਿਕ (ਬੈਕਟੀਰੀਆ ਜੋ ਪਾਚਣ ਵਿੱਚ ਸਹਾਈ ਹੁੰਦਾ ਹੈ) ਕਾਫ਼ੀ ਮਾਤਰਾ ਵਿੱਚ ਹੁੰਦੇ ਹਨ।
5. ਗੁੜ: ਚੀਨੀ ਨਾਲੋਂ ਗੁੜ, ਮਿੱਠੇ ਦਾ ਜ਼ਿਆਦਾ ਵਧੀਆ ਸ੍ਰੋਤ ਹੈ। ਗੁੜ ਸੀਲੇਨੀਅਮ ਦਾ ਇੱਕ ਵਧੀਆ ਸ੍ਰੋਤ ਹੈ।
6. 65 ਸਾਲ ਦੀ ਉਮਰ ਤੋਂ ਵੱਧ: ਰੋਜ਼ਾਨਾ ਕੈਲਸ਼ੀਅਮ ਅਤੇ ਵਿਟਾਮਿਨ ਡੀ ਲਵੋ (ਕਰੀਬ 1500 ਐਮ.ਜੀ. ਕੈਲਸ਼ੀਅਮ ਅਤੇ 400-600 ਆਈ.ਯੂ. ਵਿਟਾਮਿਨ-ਡੀ)।
7. ਮੱਕੀ (ਕੌਰਨ) : ਇਹ ਖਾਣੇ ਦੇ ਫ਼ਾਈਬਰ, ਵਿਟਾਮਿਨ-ਬੀ-1, ਬੀ-5, ਵਿਟਾਮਿਨ-ਸੀ, ਫ਼ੋਲਿਕ ਐਸਿਡ, ਅਤੇ ਫਾਸਫੌਰਸ ਦਾ ਇੱਕ ਵਧੀਆ ਸ੍ਰੋਤ ਹੈ।
8. ਵੱਖ-ਵੱਖ ਕਿਸਮਾਂ ਦੇ ਭੋਜਨ ਖਾਓ, ਜਿਵੇਂ ਕਿ ਹਰੀਆਂ ਸਬਜ਼ੀਆਂ, ਫਲ, ਦੁੱਧ, ਦਹੀਂ, ਚਾਵਲ ਅਤੇ ਬਰਾਊਨ ਬ੍ਰੈੱਡ ਵਗ਼ੈਰਾ। ਜੇ ਤੁਸੀਂ ਮਾਸਾਹਾਰੀ ਹੋ ਤਾਂ ਆਂਡੇ ਅਤੇ ਮੀਟ ਖਾ ਸਕਦੇ ਹੋ।
9. ਮਿੱਠਾ ਘੱਟ ਲਓ। ਮਿੱਠੇ ਵਿੱਚ ਵਿਟਾਮਿਨ ਅਤੇ ਫ਼ਾਈਬਰ ਆਦਿ ਨਹੀਂ ਹੁੰਦੇ।
10. ਨਮਕ ਘੱਟ ਖਾਓ ਕਿਉਂਕਿ ਨਮਕ ਨਾਲ ਬਲੱਡ ਪ੍ਰੈਸ਼ਰ ਵਧਦਾ ਹੈ ਅਤੇ ਸਰੀਰ ਵਿੱਚ ਪਾਣੀ ਜਮ੍ਹਾਂ ਹੁੰਦਾ ਹੈ।
11. ਜ਼ਿਆਦਾ ਪਾਣੀ ਪੀਓ।
12. ਘੱਟ ਚਰਬੀ ਵਾਲੇ ਖਾਣੇ ਖਾਓ, ਕਿਉਂਕਿ ਚਰਬੀ ਵਿੱਚ ਬਾਕੀ ਖਾਣਿਆਂ ਨਾਲੋਂ ਦੋ ਗੁਣਾ ਕੈਲਰੀਜ਼ ਹੁੰਦੀਆਂ ਹਨ ਅਤੇ ਇਸ ਨਾਲ ਭਾਰ ਵਧਦਾ ਹੈ।
13. ਸਿਹਤਮੰਦ ਭੋਜਨ ਦੇ ਨਾਲ ਕਸਰਤ ਵੀ ਕਰੋ।
14. ਸ਼ਰਾਬ ਨਾ ਪੀਓ ਕਿਉਂਕਿ ਇਸ ਵਿੱਚ ਕੈਲਰੀਜ਼ ਜ਼ਿਆਦਾ ਅਤੇ ਹੋਰ ਸਿਹਤਮੰਦ ਤੱਤ ਘੱਟ ਹੁੰਦੇ ਹਨ।
15. ਖਾਣਾ ਘੱਟ ਮਿਕਦਾਰ ਵਿਚ ਅਤੇ ਦਿਨ ਵਿਚ ਕਈ ਵਾਰ ਖਾਣ ਨਾਲ, ਖਾਣਾ ਚੰਗੀ ਤਰ੍ਹਾਂ ਪਚ ਜਾਂਦਾ ਹੈ।






## ਸ਼ਾਕਾਹਾਰੀ ਭੋਜਨ

ਧਾਰਮਿਕ, ਸੱਭਿਆਚਾਰਿਕ, ਵਾਤਾਵਰਣ ਜਾਂ ਸਿਹਤ ਦੇ ਕਾਰਨਾਂ ਕਰਕੇ ਜ਼ਿਆਦਾ ਤੋਂ ਜ਼ਿਆਦਾ ਲੋਕ ਸ਼ਾਕਾਹਾਰੀ ਹੋ ਰਹੇ ਹਨ। ਪਿਛਲੇ ਕੁਝ ਸਮੇਂ ਤੋਂ, ਖ਼ਾਸ ਤੌਰ। ਤੇ ਪੱਛਮੀ ਦੇਸ਼ਾਂ ਵਿੱਚ ਸ਼ਾਕਾਹਾਰੀ ਭੋਜਨ ਬਹੁਤ ਪ੍ਰਚੱਲਿਤ ਹੋ ਰਿਹਾ ਹੈ। ਸ਼ਾਕਾਹਾਰੀ ਭੋਜਨ ਜ਼ਿਆਦਾ ਸਿਹਤਮੰਦ ਮੰਨਿਆ ਜਾਂਦਾ ਹੈ, ਕਿਉਂਕਿ ਇਸ ਵਿੱਚ ਚਰਬੀ ਘੱਟ ਅਤੇ ਫ਼ਾਈਬਰ ਜ਼ਿਆਦਾ ਹੁੰਦੇ ਹਨ। ਬਹੁਤ ਸਾਰੀਆਂ ਖੋਜਾਂ ਨੇ ਇਹ ਸਿੱਧ ਕੀਤਾ ਹੈ ਕਿ ਸ਼ਾਕਾਹਾਰੀ ਵਿਅਕਤੀ ਵੱਧ ਉਮਰ ਭੋਗਦੇ ਹਨ ਅਤੇ ਉਹਨਾਂ ਮੋਟਾਪੇ ਨਾਲ ਸੰਬੰਧਿਤ ਬਿਮਾਰੀਆਂ ਵੀ ਘੱਟ ਲੱਗਦੀਆਂ ਹਨ। ਜੇਕਰ ਥੋੜਾ ਧਿਆਨ ਰੱਖਿਆ ਜਾਵੇ ਤਾਂ ਸ਼ਾਕਾਹਾਰੀ ਭੋਜਨ ਵਿੱਚ ਸਾਰੇ ਜ਼ਰੂਰੀ ਤੱਤ ਮਿਲ ਜਾਂਦੇ ਹਨ। ਸ਼ਾਕਾਹਾਰੀ ਭੋਜਨ ਕਾਰਬੋਹਾਈਡ੍ਰੇਟਸ ਨਾਲ ਭਰਪੂਰ ਹੁੰਦਾ ਹੈ, ਪਰ ਕੁਝ ਵਿਟਾਮਿਨਾਂ ਅਤੇ ਮਿਨਰਲਾਂ ਦੀ ਘਾਟ ਵੀ ਹੋ ਸਕਦੀ ਹੈ। ਇਸ ਕਰਕੇ ਅਲੱਗ ਅਲੱਗ ਖਾਣੇ ਸਹੀ ਮਾਤਰਾ ਵਿੱਚ ਖਾਣ ਨਾਲ ਸ਼ਾਕਾਹਾਰੀ ਭੋਜਨ ਸੰਤੁਲਿਤ ਹੋ ਸਕਦਾ ਹੈ।

ਸ਼ੁੱਧ ਸ਼ਾਕਾਹਾਰੀ ਭੋਜਨ ਵਿੱਚ ਹੇਠ ਲਿਖੇ ਤੱਤ ਘੱਟ ਹੋ ਸਕਦੇ ਹਨ :

1. ਪ੍ਰੋਟੀਨ : ਪ੍ਰੋਟੀਨ ਸਰੀਰਕ ਅੰਗਾਂ ਦੇ ਵਾਧੇ ਅਤੇ ਰੱਖ ਰਖਾਓ ਲਈ ਜ਼ਰੂਰੀ ਹੈ। ਪ੍ਰੋਟੀਨ ਦਾ ਸ਼ਾਕਾਹਾਰੀ ਸ੍ਰੋਤ ਪਨੀਰ, ਦੁੱਧ, ਮਟਰ, ਬੀਨਜ਼, ਲੈਂਟਿਲ, ਡਰਾਈ ਫ਼ਰੂਟ, ਨੱਟਸ, ਸੋਇਆਬੀਨ, ਟੋਫੂ, ਵੈਜੀ-ਬਰਗਰ ਹਨ।
2. ਵਿਟਾਮਿਨ-ਬੀ-12 : ਵਿਟਾਮਿਨ-ਬੀ-12 ਆਮ ਤੌਰ 'ਤੇ ਸਬਜ਼ੀਆਂ ਅਤੇ ਪੱਤਿਆਂ ਵਿੱਚ ਨਹ ਪਾਇਆ ਜਾਂਦਾ। ਇਹ ਵਿਟਾਮਿਨ, ਖ਼ੂਨ ਦੇ ਸੈੱਲਾਂ ਬਣਾਉਣ ਵਿੱਚ ਅਤੇ ਦਿਮਾਗ਼ ਦੀਆਂ ਨਸਾਂ ਦੇ ਠੀਕ ਕੰਮ ਕਰਨ ਵਿੱਚ ਸਹਾਇਕ ਹੈ। ਵਿਟਾਮਿਨ-ਬੀ-12 ਦਾ ਸ੍ਰੋਤ ਸੋਇਆਬੀਨ, ਸੋਇਆ ਦੁੱਧ ਅਤੇ ਵਿਟਾਮਿਨ ਦੀਆਂ ਗੋਲੀਆਂ ਹਨ।
3. ਵਿਟਾਮਿਨ-ਡੀ : ਵਿਟਾਮਿਨ-ਡੀ ਹੱਡੀਆਂ ਦੀ ਸਿਹਤ ਲਈ ਲੋੜਦਾ ਹੈ। ਵਿਟਾਮਿਨ-ਡੀ ਦੇ ਸਰੀਰ ਵਿੱਚ ਪੈਦਾ ਹੋਣ ਲਈ ਸੂਰਜ ਦੀ ਧੁੱਪ ਦਾ ਸੁਚਾਰੂ ਰੂਪ ਵਿੱਚ ਮਿਲਣਾ ਜ਼ਰੂਰੀ ਹੈ। ਦੁੱਧ ਇਸ ਵਿਟਾਮਿਨ ਦਾ ਵਧੀਆ ਸ੍ਰੋਤ ਹੈ।
4. ਕੈਲਸ਼ੀਅਮ: ਹੱਡੀਆਂ ਅਤੇ ਦੰਦਾਂ ਦੀ ਮਜ਼ਬੂਤੀ ਲਈ ਕੈਲਸ਼ੀਅਮ ਬਹੁਤ ਜ਼ਰੂਰੀ ਹੈ। ਸ਼ਾਕਾਹਾਰੀ ਵਿਅਕਤੀਆਂ ਲਈ ਕੈਲਸ਼ੀਅਮ ਦੇ ਸ੍ਰੋਤ ਹਨ: ਸ਼ਾਕਾਹਾਰੀ ਵਿਅਕਤੀਆਂ ਲਈ ਕੈਲਸ਼ੀਅਮ ਦੇ ਸ੍ਰੋਤ ਹਨ: ਸੰਤਰੇ ਦਾ ਜੂਸ, ਸੋਇਆ ਦੁੱਧ, ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਦੁੱਧ।
5. ਆਇਰਨ (ਲੋਹਾ) : ਖ਼ੂਨ ਦੇ ਸੈੱਲਾਂ ਨੂੰ ਬਣਾਉਣ ਲਈ ਆਇਰਨ ਬਹੁਤ ਜ਼ਰੂਰੀ ਹੈ। ਸ਼ਾਕਾਹਾਰੀ ਵਿਅਕਤੀਆਂ ਲਈ ਆਇਰਨ ਦੇ ਸ੍ਰੋਤ ਹਨ : ਨਾਸ਼ਤੇ ਦੇ ਸੀਰੀਅਲ, ਪਾਲਕ, ਦਾਲਾਂ, ਪੂਰੇ ਆਟੇ ਨਾਲ ਬਣੀ ਬ੍ਰੈੱਡ, ਅਤੇ ਡਰਾਈ ਫ਼ਰੂਟ ਜਿਵੇਂ ਕਿ ਸੌਗੀ।
6. ਫ਼ੈਟੀ ਐਸਿਡ : ਸ਼ਾਕਾਹਾਰੀ ਖਾਣੇ ਵਿੱਚ ਓਮੇਗਾ-3 ਫ਼ੈਟੀ ਐਸਿਡ ਦੇ ਸ੍ਰੋਤ ਹਨ : ਅਲਸੀ, ਸੋਇਆ, ਅਖਰੋਟ ਅਤੇ ਪੱਤੇਦਾਰ ਸਬਜ਼ੀਆਂ ਜਿਵੇਂ ਕਿ ਪਾਲਕ, ਪੱਤਗੋਭੀ ਅਤੇ ਸਲਾਦ ਪੱਤਾ

ROHITA PANNU
LAW CORPORATION




BARRISTER & SOLICITOR
SERVICES
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

Ph: 604.589.1399
Fax : 604.589.1556
www.rohitapannulaw.com
# 102-9278, 120th St.,
Surrey, BC V3V 4W8

## ਕਾਵਿ-ਗੁਲਜ਼ਾਰ

# ਗ਼ਜ਼ਲ-ਅੰਬਰ 'ਤੇ ਨਵੀਂ ਉਡਾਣ ਭਰ ਰਿਹਾ ਪ੍ਰੀਤ ਮਨਪ੍ਰੀਤ



ਪੇਸ਼ਕਸ਼
ਹਰਦਮ ਸਿੰਘ ਮਾਨ

ਮੋਗਾ ਜ਼ਿਲੇ ਦੇ ਪਿੰਡ ਮਨਾਵਾਂ ਦਾ ਜੰਮਪਲ ਪ੍ਰੀਤ ਮਨਪ੍ਰੀਤ ਪੰਜਾਬੀ ਗ਼ਜ਼ਲ-ਅੰਬਰ 'ਤੇ ਨਿਤ ਦਿਨ ਨਵੀਂ ਉਡਾਣ ਭਰ ਰਿਹਾ ਹੈ। 2006 ਤੋਂ ਉਹ ਸਰੀ (ਕੈਨੇਡਾ) ਦਾ ਵਸਨੀਕ ਹੈ। ਕੈਨੇਡਾ ਆ ਕੇ ਕੁਝ ਸਮਾਂ ਉਸ ਅੰਦਰਲਾ ਸ਼ਾਇਰ ਖਾਮੋਸ਼ ਜ਼ਰੂਰ ਰਿਹਾ ਪਰ ਪਿਛਲੇ ਕੁਝ ਸਾਲਾਂ ਤੋਂ ਉਸ ਦੇ ਕਾਵਿਕ ਖ਼ਿਆਲਾਂ ਨੇ ਫਿਰ ਅੰਗੜਾਈ ਭਰੀ ਹੈ। ਉਸ ਨੇ ਨਜ਼ਮ ਤੋਂ ਮੋੜਾ ਕਟਦਿਆਂ ਗ਼ਜ਼ਲ ਦੇ ਖੇਤਰ ਵਿਚ ਪੈਰ ਧਰਿਆ ਹੈ। ਉਸ ਦੇ ਖ਼ਿਆਲਾਂ ਵਿਚਲੀ ਨਵੀਨਤਾ, ਮੌਲਿਕਤਾ, ਅੰਦਾਜ਼ ਅਤੇ ਪੇਸ਼ਕਾਰੀ ਦਰਸਾਉਂਦੀ ਹੈ ਕਿ ਭਵਿੱਖ ਵਿਚ ਉਸ ਦਾ ਸ਼ੁਮਾਰ ਚੋਣਵੇਂ ਗ਼ਜ਼ਲਕਾਰਾਂ ਵਿਚ ਹੋਵੇਗਾ। ਉਹ 'ਗ਼ਜ਼ਲ ਮੰਚ ਸਰੀ' ਦਾ ਸਰਗਰਮ ਮੈਂਬਰ ਹੈ। ਉਸ ਦਾ ਇਕ ਕਾਵਿ ਸੰਗ੍ਰਹਿ:- "ਰੁੱਤਾਂ, ਦਿਲ ਤੇ ਸੁਫਨੇ" ਪ੍ਰਕਾਸ਼ਿਤ ਹੋਇਆ ਹੈ। ਇੱਥੇ ਅਸੀਂ ਉਸ ਦੀਆਂ ਕੁਝ ਗ਼ਜ਼ਲਾਂ ਦੀ ਸਾਂਝ ਪਾਠਕਾਂ ਨਾਲ ਪੁਆ ਰਹੇ ਹਾਂ-



### ਗ਼ਜ਼ਲ

ਮੇਰੇ ਸੀਨੇ 'ਚ ਡੂੰਘਾ ਬਹਿ ਗਿਆ, ਸਾਹਾਂ ਦੇ ਵਿਚ ਲਹਿ ਕੇ
ਦਬਾਇਆ ਸੀ ਜੋ ਹਉਕਾ ਮੈਂ ਕਿਸੇ ਨੂੰ ਅਲਵਿਦਾ ਕਹਿ ਕੇ

ਮੇਰੇ ਪੈਰਾਂ 'ਚ ਅੱਗੇ ਤੁਰਨ ਦਾ ਅਹਿਸਾਸ ਵੀ ਸਹਿਕੇ
ਤੇ ਪਿੱਛੇ ਰਹਿ ਗਿਆਂ ਦੀ ਯਾਦ ਵੀ ਆਉਂਦੀ ਹੈ ਰਹਿ ਰਹਿ ਕੇ

ਕਦੇ ਇਕ ਫੁੱਲ ਦੀ ਛੋਹ ਨਾਲ਼ ਵੀ ਮੈਂ ਤੜਫ ਉੱਠਦਾ ਹਾਂ
ਕਦੇ ਸਹਿਜੇ ਹੀ ਮੇਰੇ ਨਾਲ਼ ਗੁਜ਼ਰਨ ਹਾਦਸੇ ਖਹਿ ਕੇ

ਉਹ ਪਿੱਛੇ ਛੱਡ ਗਿਆ ਖ਼ਾਮੋਸ਼ੀਆਂ ਦੇ ਕੰਬਦੇ ਸਾਏ
ਭਰੀ ਮਹਿਫ਼ਲ 'ਚੋਂ ਜਿਹੜਾ ਤੁਰ ਗਿਆ ਧੁਖਦੀ ਕਥਾ ਕਹਿ ਕੇ

ਕਦੇ ਹਰਿਆਵਲਾਂ ਵਿਚ ਵੀ ਨਾ ਲੱਭਣ ਨਕਸ਼ ਮਹਿਕਾਂ ਦੇ
ਖ਼ਿਜ਼ਾਂ ਵਿਚ ਵੀ ਸੁਭਾਵਿਕ ਹੀ ਕਦੇ ਮਨ ਦੀ ਕਲੀ ਟਹਿਕੇ

ਚਿਰਾਂ ਮਗਰੋਂ ਉਸੇ ਹੜ੍ਹ ਵਿਚ ਦੁਬਾਰਾ ਡੁੱਬੀਆਂ ਅੱਖਾਂ
ਮੈਂ ਸੁਣਿਆ ਤਾਂ ਸੀ ਪਾਣੀ ਇਸ਼ਕ ਦਾ ਚੜ੍ਹਦਾ ਨਹੀਂ ਲਹਿ ਕੇ



### ਗ਼ਜ਼ਲ

ਕਈ ਬਸ ਭਰਮ ਸਿਰਜਣ ਜਿਉਂ ਘਟਾ ਘਣਘੋਰ ਹੁੰਦੇ ਨੇ
ਤੇ ਕੁਝ ਰਿਸ਼ਤੇ ਥਲਾਂ ਵਿਚ ਰੇਤ ਦੀ ਚਿਲਕੋਰ ਹੁੰਦੇ ਨੇ

ਜਦੋਂ ਕੁਝ ਤਿੜਕਦਾ ਜਾਵੇ ਜਾਂ ਹੱਥੋਂ ਖਿਸਕਦਾ ਜਾਵੇ
ਉਹੀ ਪਲ ਜ਼ਿੰਦਗੀ ਤੇ ਮੌਤ ਵਿਚਲੀ ਡੋਰ ਹੁੰਦੇ ਨੇ

ਤੇਰੀ ਇਸ ਦਿਲ-ਫ਼ਰੇਬੀ ਦੀ ਵਜ੍ਹਾ ਦਾ ਤਾਂ ਪਤਾ ਲੱਗੇ
ਰੁਝੇਵੇਂ ਹੋਰ ਹੁੰਦੇ ਨੇ , ਅਕੇਵੇਂ ਹੋਰ ਹੁੰਦੇ ਨੇ

ਕਿਸੇ ਬਿਫ਼ਰੀ ਨਦੀ ਦੇ ਵਾਂਗ ਮਨ ਦੇ ਵਲਵਲੇ ਜਾਪਣ
ਕਦੇ ਸੰਗੀਤ ਲੱਗਦੇ ਨੇ , ਕਦੇ ਇਹ ਸ਼ੋਰ ਹੁੰਦੇ ਨੇ

ਕਿਸੇ ਦਾ ਖ਼ਿਆਲ, ਮਨ ਦਾ ਵੇਗ, ਨੂਰੀ ਖ਼ਾਬ, ਵਸਲੀ ਪਲ
ਕਦੋਂ ਇਹ ਰੋਕਿਆਂ ਰੁਕਦੇ , ਬੜੇ ਮੂੰਹ-ਜ਼ੋਰ ਹੁੰਦੇ ਨੇ

### ਗ਼ਜ਼ਲ

ਇਹ ਜਿਸਮ ਪੱਥਰ ਹੋ ਗਿਆ ਤੇ ਅੱਖ ਵੀ ਰੋਈ ਨਹੀਂ
ਪਰ ਕੁਝ ਤਾਂ ਅੰਦਰ ਤੜਫ਼ਦਾ, ਸੰਵੇਦਨਾ ਮੋਈ ਨਹੀਂ

ਜੰਗਲ ਨੂੰ ਤੁਰਿਆ ਆਦਮੀ, ਜੰਗਲ ਘਰਾਂ ਨੂੰ ਤੁਰ ਪਿਆ
ਹਰ ਭਟਕਦੀ ਸ਼ੈਅ ਨੂੰ ਕਦੇ, ਮਿਲਦੀ ਕਿਤੇ ਢੋਈ ਨਹੀਂ

ਇਹ ਇਸ਼ਕ ਦੇ ਜੋ ਤਤਕਰੇ, ਅਕਸਰ ਹੀ ਰਹਿੰਦੇ ਅਨਪੜ੍ਹੇ
ਪੁਸਤਕ ਦਿਲਾਂ ਦੀ ਪੜ੍ਹ ਸਕੇ ਜੋ, ਉਹ ਨਜ਼ਰ ਕੋਈ ਨਹੀਂ

ਸਾਰੇ ਨਗਰ ਵਿਚ ਘੁੰਮਦੇ , ਬੇਖ਼ੌਫ ਹੋ ਕੇ ਹਾਦਸੇ
ਹੋਈ ਅਸਾਡੇ ਨਾਲ ਹੀ ਤਾਂ ਸਿਰਫ਼ ਅਣਹੋਈ ਨਹੀਂ

ਫਿਰ ਸ਼ੀਸ਼ਿਆਂ 'ਤੇ ਧੂੜ ਦਾ ਇਲਜ਼ਾਮ ਕੀ ਦੇਣਾ ਭਲਾ
ਜੇ ਆਪਣੀ ਪਹਿਚਾਣ ਮੈਥੋਂ, ਆਪ ਹੀ ਹੋਈ ਨਹੀਂ

ਹੁਣ ਦਿਲ ਦਿਆਂ ਜ਼ਖ਼ਮਾਂ ਨੂੰ ਵੀ ਕੁਝ ਲੋਕ ਢਕਦੇ ਇਸ ਤਰ੍ਹਾਂ
ਜੇ ਦਰਦ ਪੁੱਛੀਏ ਆਖਦੇ ਨੇ, ' ਨਾ ਜੀ ਨਾ, ਕੋਈ ਨਹੀਂ '

ਆਮਦ ਕਿਸੇ ਦੀ ਮਹਿਕ ਬਣ , ਮੇਰੀ ਗਲੀ ਮਹਿਕਾ ਗਈ
ਉਹ ਤੁਰ ਗਿਆ ਮੈਂ ਫੇਰ ਇਹ, ਖਿੜਕੀ ਕਦੇ ਢੋਈ ਨਹੀਂ

ਦਿਲ ਦੇ ਲਹੂ ਦੇ ਨਾਲ ਹੀ, ਲਿਖਦਾ ਹਾਂ ਦਿਲ ਦਾ ਹਾਲ ਹੀ
ਉਂਝ ਸਿਰਫ਼ ਬਹਿਰਾਂ ਨਾਲ਼ ਹੀ, ਹੁੰਦੀ ਗ਼ਜ਼ਲਗੋਈ ਨਹੀਂ

### ਗ਼ਜ਼ਲ

ਕਿਤੇ ਪਹੁੰਚਣ ਲਈ ਜੋ ਰਾਹ ਫੜ੍ਹੇ ਸਨ
ਉਨ੍ਹਾਂ ਰਾਹਾਂ ਨੇ ਸਾਨੂੰ ਫੜ੍ਹ ਲਿਆ ਹੈ
ਚਲੋ ਹੁਣ ਤਪਦੀਆਂ ਪੈੜਾਂ ਨੂੰ ਮਿਲੀਏ
ਬਥੇਰਾ ਛਾਂ 'ਚ ਬਹਿ ਕੇ ਸੜ ਲਿਆ ਹੈ

ਬਿਨਾਂ ਬੋਲੇ ਤੁਸੀਂ ਜੋ ਆਖਿਆ ਸੀ
ਮੈਂ ਸਾਰੀ ਸੁਣ ਲਈ ਉਹ ਭਾਖਿਆ ਵੀ
ਤੁਸੀਂ ਜੋ ਗ਼ੈਬ ਦੀ ਲਿੱਪੀ 'ਚ ਲਿਖਿਆ
ਉਹ ਕਿੱਸਾ ਦਰਦ ਦਾ ਮੈਂ ਪੜ੍ਹ ਲਿਆ ਹੈ

ਬੁਲੰਦੀ ਦਾ ਨਾ ਪਾਰਾਵਾਰ ਕੋਈ
ਉਤਾਂਹ ਨੂੰ ਜਾਂਦਿਆਂ ਇਹ ਯਾਦ ਰੱਖੀਂ
ਜੇ ਕੋਈ ਆਪਣਾ ਮਿਲਿਆ ਨਾ ਓਥੇ
ਤਾਂ ਕੀ ਮਤਲਬ ਜੇ ਉੱਚਾ ਚੜ੍ਹ ਲਿਆ ਹੈ

ਮੈਂ ਏਧਰ ਖੋਲ੍ਹ ਕੇ ਰਖਦਾ ਹਾਂ ਅੱਖਾਂ
ਤੇਰੀ ਇਕ ਝਲਕ ਦੀ ਮੈਂ ਝਾਕ ਰੱਖਾਂ
ਤੇ ਓਧਰ ਮੇਰੀ ਦਸਤਕ ਤੋਂ ਵੀ ਪਹਿਲਾਂ
ਤੂੰ ਅਪਣੇ ਦਿਲ ਦਾ ਕੁੰਡਾ ਜੜ ਲਿਆ ਹੈ

ਕਿਤਾਬਾਂ ਵਿਚ ਤਾਂ ਕੇਵਲ ਮਸ਼ਵਰੇ ਸਨ
ਤੇ ਮੇਰਾ ਇਸ਼ਕ ਏਨ੍ਹਾਂ ਤੋਂ ਪਰ੍ਹੇ ਸੀ
ਕਿਸੇ ਵਰਕੇ 'ਤੇ ਜੇ ਨਫ਼ਰਤ ਸੀ ਲਿਖਿਆ
ਮੈਂ ਉਸ ਨੂੰ ਵੀ ਮੁਹੱਬਤ ਪੜ੍ਹ ਲਿਆ ਹੈ

ਰਵਾਇਤੀ ਰਸਤਿਆਂ ਤੋਂ ਵੱਖ ਜਾ ਕੇ
ਅਤੇ ਸੂਰਜ ਦੀ ਅੱਖ ਵਿਚ ਅੱਖ ਪਾ ਕੇ
ਤੇਰੀ ਛੋਹ ਨਾਲ਼ ਇਸ ਵਿਚ ਜਾਨ ਪੈਣੀ
ਮੈਂ ਇਹ ਜੋ ਮੋਮ ਦਾ ਬੁੱਤ ਘੜ ਲਿਆ ਹੈ

### ਗ਼ਜ਼ਲ

ਫਿਰ ਤੋਂ ਬਿਗਾਨੀ ਆਸ ਦਾ ਮੈਂ ਭਰਮ ਐਵੇਂ ਪਾਲ਼ਿਆ
ਕਿਉਂ ਕਾਗਜ਼ੀ ਛਤਰੀ ਦਾ ਮੀਂਹ ਵਿਚ ਆਸਰਾ ਮੈਂ ਭਾਲ਼ਿਆ ?

ਉਹ ਵਕਤ ਵੀ ਕੁਝ ਹੋਰ ਸੀ ਤੇ ਜ਼ਬਤ ਵੀ ਕਮਜ਼ੋਰ ਸੀ
ਇਹ ਇਸ਼ਕ ਵੀ ਮੂੰਹ-ਜ਼ੋਰ ਸੀ,ਟਲ਼ਿਆ ਨਾ ਸਿਰ ਤੋਂ ਟਾਲ਼ਿਆ

ਕਲ੍ਹ ਮਨ 'ਚ ਤਨਹਾਈ ਦਾ ਸੀ ਏਨਾ ਹਨੇਰਾ ਪਸਰਿਆ
ਫਿਰ ਜਾਗ ਕੇ ਮੈਂ ਰਾਤ ਭਰ ਯਾਦਾਂ ਦਾ ਦੀਵਾ ਬਾਲ਼ਿਆ



ਪਾਣੀ ਤੋਂ ਬਣਿਆ ਭਾਫ਼ ਤੇ ਮੈਂ ਮੇਘਲਾ ਹੋ ਪਰਤਿਆ
ਤੇਰੇ ਥਲਾਂ ਦੀ ਪਿਆਸ ਲਈ, ਮੈਂ ਰੂਪ ਕੀ-ਕੀ ਢਾਲ਼ਿਆ

ਮੈਨੂੰ ਨਾ ਖ਼ੁਦ ਤੂਫ਼ਾਨ ਵਿੱਚੋਂ ਪਰਤਣੇ ਦੀ ਆਸ ਸੀ
ਦੇਣਾ ਮਲਾਹਾਂ ਡੋਬ ਸੀ, ਲਹਿਰਾਂ ਨੇ ਆ ਸੰਭਾਲ਼ਿਆ

ਬਹਿ ਕੇ ਬਰੇਤੇ 'ਤੇ ਕਦੇ, ਉਹ ਕਰਨਗੇ ਇਹ ਤਬਸਰੇ
ਇਸ ਪਾਣੀਆਂ ਦੇ ਦੇਸ ਨੂੰ, ਔੜਾਂ ਨੇ ਕਿੱਦਾਂ ਖਾ ਲਿਆ ?

### ਗ਼ਜ਼ਲ

ਉਹਦੀ ਨੀਂਦਰ 'ਚ ਹਰਗਿਜ਼ ਜਾਗਦਾ ਵਿਰਲਾਪ ਨਾ ਹੁੰਦਾ
ਜੇ ਮੇਰੇ ਕਤਲ ਦਾ ਵਾਹਦ ਗਵਾਹ ਉਹ ਆਪ ਨਾ ਹੁੰਦਾ

ਸਰੀਰਾਂ ਤੋਂ ਸ਼ੁਰੂ ਨਾ ਖ਼ਤਮ ਹੁੰਦੇ ਇਸ਼ਕ ਦੇ ਰਕਬੇ
ਬਦਨ ਦੇ ਵਰਕਿਆਂ 'ਤੇ ਮੋਹ ਦਾ ਖੇਤਰ ਮਾਪ ਨਾ ਹੁੰਦਾ

ਇਹ ਤੇਰੀ ਸੰਘਣੀ ਛਾਂ ਵੀ ਹੈ ਅਜਕਲ੍ਹ ਸਾੜ੍ਹਦੀ ਮੈਨੂੰ
ਤੇਰੀ ਬੁੱਕਲ ਦੇ ਸੂਰਜ ਵਿਚ ਵੀ ਹੁਣ ਉਹ ਤਾਪ ਨਾ ਹੁੰਦਾ

ਅਸੀਂ ਖਿੱਚਦੇ ਰਹੇ ਲੀਕਾਂ, ਬਿਗਾਨੀ ਧਰਤ ਦੇ ਉੱਤੇ
ਤੇ ਸਾਡਾ ਆਪਣਾ ਅੰਬਰ ਹੀ ਸਾਥੋਂ ਨਾਪ ਨਾ ਹੁੰਦਾ



ਜੇ ਕੋਈ ਛਲਕਿਆ ਹੰਝੂ ਹੀ ਮੈਨੂੰ ਰੋਕ ਲੈਂਦਾ ਤਾਂ
ਮੇਰਾ ਇਸ ਸ਼ਹਿਰ 'ਚੋਂ ਜਾਣਾ ਵੀ ਇਉਂ ਚੁਪਚਾਪ ਨਾ ਹੁੰਦਾ

ਜਦੋਂ ਮੈਂ ਥਾਂ-ਕੁਥਾਂ ਖਿੜਿਆ, ਉਦੋਂ ਜਾ ਕੇ ਪਤਾ ਲੱਗਾ
ਕਿ ਬਿਖਰੀ ਹੋਂਦ ਵਰਗਾ ਵੀ ਕੋਈ ਸੰਤਾਪ ਨਾ ਹੁੰਦਾ

### ਗ਼ਜ਼ਲ

ਲਤੀਫ਼ਾ ਮੌਤ ਦਾ ਮੈਂ ਜ਼ਿੰਦਗੀ ਨੂੰ ਜਦ ਸੁਣਾਇਆ ਸੀ ।
ਉਦੋਂ ਅੱਖਾਂ 'ਚ ਹੰਝੂ ਸਾਂਭ ਕੇ ਤੂੰ ਮੁਸਕਰਾਇਆ ਸੀ ।

ਵਿਛਾਉਂਦੇ ਫੁੱਲ ਕੀਕਣ ਉਸ ਦਿਆਂ ਰਾਹਾਂ 'ਚ ਰੀਝਾਂ ਦੇ
ਖ਼ਿਜ਼ਾਂ ਦੇ ਪਹਿਣ ਕੇ ਵਸਤਰ ਉਹ ਸਾਨੂੰ ਮਿਲਣ ਆਇਆ ਸੀ ।

ਇਸੇ ਕਰ ਕੇ ਬਿਗਾਨੇ ਸਾਗਰੀਂ ਉਹ ਲਹਿ ਗਈ ਸ਼ਾਇਦ
ਨਦੀ ਦਾ ਦੇਸ ਤਾਂ ਉਸ ਵਾਸਤੇ ਮੁੱਢੋਂ ਪਰਾਇਆ ਸੀ ।

ਜਿਵੇਂ ਹੈ ਚੀਚ-ਵਹੁਟੀ ਬਾਰਿਸ਼ਾਂ ਵਿਚ ਭਾਲ਼ਦੀ ਠਾਹਰ
ਸੁਗੰਧਾਂ ਨੇ ਪਤਾ ਫੁੱਲਾਂ ਦਾ ਅਪਣੇ-ਆਪ ਲਾਇਆ ਸੀ ।

ਜਦੋਂ ਜੰਗਲ 'ਚ ਪੈੜਾਂ ਮੇਰੀਆਂ ਵਿਚ ਝਾੜ ਸੀ ਉੱਗੇ
ਹਵਾ ਤੇ ਅੱਗ ਨੇ ਮਿਲ਼ ਕੇ ਨਵਾਂ ਰਸਤਾ ਬਣਾਇਆ ਸੀ ।

ਪੁਰਾਣੇ ਜ਼ਖ਼ਮ ਅਪਣੇ ਗਿਣ ਰਿਹਾ ਸੀ ਮੈਂ ਅਜੇ ਤੀਕਰ
ਕਿਸੇ ਨੇ ਪਾ ਵਫ਼ਾ ਦਾ ਵਾਸਤਾ ਮੁੜ ਤੋਂ ਬੁਲਾਇਆ ਸੀ ।

ਚਿਰਾਗਾਂ ਦਾ ਪਤਾ ਪੁੱਛਿਆ ਹਵਾ ਨੇ ਜਦ ਹਨੇਰੇ ਤੋਂ
ਬੜਾ ਕੰਬਿਆ ਸੀ ਮੱਥੇ ਵਿਚ ਮੈਂ ਜੋ ਸੂਰਜ ਛੁਪਾਇਆ ਸੀ ।

### ਗ਼ਜ਼ਲ

ਸੋਚ ਸਮਝ ਕੇ ਹੀ ਲਿਖਿਆ ਕਰ ਧੁੱਪਾਂ ਦਾ ਫ਼ਰਮਾਨ ਕਿਤੇ ।
ਬਹੁਤਾ ਚਾਨਣ ਨਜ਼ਰ ਤੇਰੀ ਦਾ ਕਰ ਨਾ ਦਏ ਨੁਕਸਾਨ ਕਿਤੇ ।

ਅੱਜ ਦੇ ਅਰਜਨ ਕਿੱਦਾਂ ਵਿੰਨ੍ਹਣ ਅੱਖ ਸਮੇਂ ਦੀ ਮੱਛੀ ਦੀ
ਗ਼ਰਜ਼ਾਂ ਕੋਲ਼ ਜੋ ਗਹਿਣੇ ਧਰ ਆਏ ਨੇ ਤੀਰ-ਕਮਾਨ ਕਿਤੇ ।



ਹਰ ਕੋਈ ਮੇਰੇ ਵਿੱਚੋਂ ਆਪੋ-ਅਪਣਾ ਹਿੱਸਾ ਲੈ ਤੁਰਿਆ
ਮੈਂ ਖ਼ੁਦ ਵਿੱਚੋਂ ਖ਼ੁਦ ਨੂੰ ਲੱਭਾਂ ਖੜ੍ਹ ਕੇ ਸੁੰਨ-ਮਸਾਨ ਕਿਤੇ ।


ਨਾ ਤਾਂ ਸਾਡੇ ਮੋਢੇ ਝੁਕਦੇ, ਨਾ ਹੀ ਰਾਹਾਂ ਵਿਚ ਰੁਕਦੇ
ਲੋੜੋਂ ਵੱਧ ਅਸੀਂ ਨਾ ਚੁੱਕਦੇ ਸਫ਼ਰ ਦਾ ਜੇ ਸਾਮਾਨ ਕਿਤੇ ।

ਲਟਕੇ ਵਿੱਚ ਖ਼ਲਾਅ ਦੇ ਧਰਤੀ ਦੇ ਵੀ ਅਰਥ ਗੁਆ ਬੈਠੇ
ਅੰਬਰ ਵਿਚ ਉੱਡਣ ਦਾ ਜਦ ਲੈ ਬੈਠੇ ਸਾਂ ਅਰਮਾਨ ਕਿਤੇ ।

ਅੱਜ ਕਿਸੇ ਬੇਬਸ ਦੇ ਅੱਥਰੂ ਉਤਰੇ ਮੇਰੇ ਨੈਣਾਂ ਵਿਚ
ਇਉਂ ਲੱਗਿਆ ਜਿਉਂ ਕਰ ਆਇਆ ਹਾਂ ਮੈਂ ਰੂਹ ਦਾ ਇਸ਼ਨਾਨ ਕਿਤੇ ।

ਸਾਬਤ-ਕਦਮੀਂ ਤੁਰਦਾ ਸ਼ਾਇਰ ਅਦਬੀ-ਮੰਜ਼ਿਲ ਪਾ ਲੈਂਦਾ
ਜੇ ਨਾ ਰਾਹ ਵਿਚ ਠਿੱਬੀ ਲਾਉਂਦੇ ਹਾਕਮ ਦੇ ਸਨਮਾਨ ਕਿਤੇ ।

ਹਰਫ਼ਾਂ ਦੇ ਸੁੱਚੇ-ਮੋਤੀ ਮੈਂ ਤੇਰੇ ਦਰ 'ਤੇ ਧਰ ਚੱਲਿਆਂ
ਬੋਲ-ਰਸੀਦੀ ਵਾਪਸ ਭੇਜੀਂ ਹੋ ਗਏ ਜੇ ਪਰਵਾਨ ਕਿਤੇ ।




ਲੜੀਵਾਰ...
ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼

## ਸਭੁ ਦੇਸੁ ਪਰਾਇਆ
(ਸਵੈ-ਜੀਵਨੀ)

# ਕ੍ਰਿਸ਼ਨਾ ਨਗਰ ਤੋਂ ਕਲਿਆਣੀ...

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਇਹ ਕਵਿਤਾ ਤੇ ਨਹੀਂ ਪਰ ਦਰਦਿ-ਦਿਲ ਜ਼ਰੂਰ ਹੈ:-

(ਸ਼ਹੀਦ ਦੀ ਪਤਨੀ ਦੇ ਨਾਂ) ਮੈਂ ਜਾਣਦਾ ਹਾਂ
ਕਿ ਹੁਣੇ ਤੇਰਾ ਵਿਆਹ ਹੋਇਆ ਹੈ।
ਤੇਰੇ ਸ਼ਗਨਾਂ ਦੀ ਮਹਿੰਦੀ
ਅਜੇ ਹੱਥੋਂ ਨਹੀਂ ਉਤਰੀ।
ਮੈਨੂੰ ਪਤਾ ਹੈ ਜਦ ਉਹ ਤੇਰੀ
ਡੋਲੀ ਲੈ ਕੇ ਘਰ ਆਇਆ
ਉਸਦੀ ਛੁੱਟੀ ਮੁੱਕ ਚੁੱਕੀ ਸੀ।
ਉਹ ਬੇ-ਵੱਸ ਜਿਹਾ, ਫਰਜ਼ਾਂ ਦਾ ਬੱਧਾ,
ਚਲਾ ਆਇਆ ਤੇ ਤੂੰ ਉਸਨੂੰ ਵੇਖਦੀ ਰਹੀ।
ਜਦ ਤੱਕ ਕਿ ਉਹ ਦਿਸਦਾ ਰਿਹਾ।
ਅੱਜ ਹੀ ਤੈਨੂੰ ਤਾਰ ਮਿਲੇਗੀ
(ਜੇ ਉਹ ਵਿਆਹਿਆ ਨਾ ਹੁੰਦਾ ਤਾਂ,
ਉਸਦੇ ਪਿਤਾ ਨੂੰ ਮਿਲਣੀ ਸੀ)
''ਕਰਮ ਸਿੰਘ ਦੇਸ਼ ਦੀ ਰੱਖਿਆ ਕਰਦਾ ਹੋਇਆ,
ਯੁੱਧ ਭੂਮੀ ਵਿੱਚ ਸ਼ਹੀਦ ਹੋ ਗਿਆ ਹੈ।''

ਕੁਝ ਸਮੇਂ ਬਾਅਦ ਜਦੋਂ ਲੜਾਈ ਬੰਦ ਹੋਏਗੀ ਦੇਸ਼ ਦੀ ਸਰਕਾਰ ਤੈਨੂੰ ਇੱਕ ਸਿਲਾਈ ਮਸ਼ੀਨ ਦੇਵੇਗੀ। ਪਰ ਕੀ ਇਹ ਸਿਲਾਈ ਮਸ਼ੀਨ, ਤੇਰੀ ਪਹਾੜ ਜਿੱਡੀ ਜ਼ਿੰਦਗਾਨੀ ਕੱਟ ਦੇਵੇਗੀ? ਮੈਂ, ਜਿਸਨੇ ਹੁਣੇ ਉਹਦਾ ਸਸਕਾਰ ਕੀਤਾ ਹੈ, ਤੇ ਅਜੇ ਵੀ ਬਲਦੀ ਚਿਖਾ ਦੇ ਕੋਲ ਬੈਠਾ ਹਾਂ। ਦੱਸ ਮੈਂ ਤੈਨੂੰ ਕੀ ਦਿਆ ਭੈਣੇ? ਮੇਰੇ ਕੋਲ ਤੇ ਹੰਝੂ ਹੀ ਹਨ, ਖਾਰਾ ਪਾਣੀ। ਸੋ ਉਹ ਮੈਂ ਤੇਰੀ ਭੇਂਟ ਕਰਦਾ ਹਾਂ। ਕਿਉਂਕਿ ਤੇਰੇ ਹੰਝੂ ਤਾਂ ਮੁੱਕ ਗਏ ਹੋਣੇ ਨੇ। ਤੇ ਜਾਂ ਫਿਰ ਸੁੱਕ ਗਏ ਹੋਣੇ ਨੇ।

ਇਕ ਹੋਰ ਘਟਨਾ ''ਚੁਆਗਾਚਾ'' ਤੋਂ ਪੰਦਰਾਂ ਸੋਲਾਂ ਕਿਲੋਮੀਟਰ ਅੱਗੇ ਇੱਕ ਪਿੰਡ ''ਰਾਇ ਨਗਰ'' ਦੀ ਹੈ। ਇਸ ਜਗ੍ਹਾ ਤੇ ਸਾਡੀ ਪਲਟਨ ਨੇ 5 ਦਸਬੰਰ 1971 ਨੂੰ ਕਬਜ਼ਾ ਕਰ ਲਿਆ ਸੀ। ਗੁਰਦੁਆਰਾ ਅਜੇ ਚੁਆਗਾਚਾ ਹੀ ਸੀ ਪਰ ਮੈਂ 6 ਦਸੰਬਰ ਸਵੇਰੇ ਹੀ ਪਲਟਨ ਵਿੱਚ ਅਰਦਾਸ ਕਰਨ ਲਈ ਪੁੱਜ ਗਿਆ ਸੀ। ਸਾਡੀ ਪਲਟਨ ਦੁਸ਼ਮਣ ਤੇ ਅੱਗੇ ਵੱਧਕੇ ਅਟੈਕ ਕਰ ਰਹੀ ਸੀ। ਇਸ ਲਈ ਦੋਹਾਂ ਪਾਸਿਆਂ ਤੋਂ ਲੋਹੜੇ ਦੀ ਸ਼ੈਲਿੰਗ ਆ ਰਹੀ ਸੀ। ਜਿਵੇਂ ਵੀ ਸੰਭਵ ਹੋਇਆ ਕਦੀ ਰੀਂਘਕੇ ਕਦੀ ਬੈਠਕੇ ਮੈਂ ਹਰ ਕੰਪਨੀ ਵਿੱਚ ਫਿਰ ਨਿਕਲਿਆ ਤੇ ਅਰਦਾਸ ਕੀਤੀ। ਜਵਾਨਾਂ ਦਾ ਮਨੋਬਲ ਵਧਿਆ। ਅਖੀਰ ਵਿੱਚ ਡੈਲਟਾ ਕੰਪਨੀ ਵਿੱਚ ਗਿਆ। ਇਹੀ ਇੱਕ ਕੰਪਨੀ 14 ਪੰਜਾਬ ਵਿੱਚ ਡੋਗਰਿਆਂ ਦੀ ਹੈ, ਬਾਕੀ ਤਿੰਨ ਕੰਪਨੀਆਂ ਸਿੱਖਾਂ ਦੀਆਂ ਹਨ। ਪੰਡਿਤ ਜੀ ਜਿਵੇਂ ਮੈਂ ਪਹਿਲਾਂ ਦੱਸ ਚੁੱਕਾ ਹਾਂ ਛੁੱਟੀ ਤੋਂ ਆਏ ਨਹੀਂ ਸੀ। ਅਰਦਾਸ ਕਰਨ ਬਾਅਦ ਕੰਪਨੀ ਦਾ ਹੌਲਦਾਰ ਮੇਜਰ ਮਨਸਾ ਰਾਮ ਮੈਨੂੰ ਇੱਕ ਛੋਟੀ ਜਿਹੀ ਛੱਪੜੀ ਕੋਲ ਲੈ ਗਿਆ। ਜੋ ਕੁਝ ਮੈਂ ਵੇਖਿਆ, ਸੱਚ ਜਾਣਿਓ ਪਹਿਲੀ ਵਾਰ ਮਨੁੱਖ ਹੋਣ ਤੇ ਹੀ ਸ਼ਰਮ ਆਈ। ਵੀਹਵੀ ਸਦੀ ਦੇ ਅੰਤ ਵਿੱਚ ਵੀ ਅਸੀਂ ਜਾਨਵਰਾਂ ਤੋਂ ਵੀ ਭੈੜਾ ਵਰਤਾਓ ਬੰਦਿਆਂ ਨਾਲ ਕਰਦੇ ਹਾਂ, ਮੈਂ ਐਸਾ ਵਰਨਣ ਇਤਿਹਾਸ ਵਿੱਚ ਕਿਧਰੇ ਨਹੀਂ ਪੜ੍ਹਿਆ। ਇੱਕ ਚੌਦਾਂ ਪੰਦਰਾਂ ਸਾਲ ਦੀ ਲੜਕੀ ਦੀ ਲਾਸ਼ ਛੱਪੜੀ ਵਿੱਚ ਤਰ ਰਹੀ ਸੀ। ਉਸ ਬੱਚੀ ਦੀਆਂ ਦੋਵੇਂ ਛਾਤੀਆਂ ਵੱਢੀਆਂ ਹੋਈਆਂ ਸਨ ਤੇ ਦੋਹਾਂ ਗੁਪਤ ਅੰਗਾਂ ਵਿੱਚ ਲੱਕੜ ਦੇ ਕੀਲੇ ਠੋਕੇ ਹੋਏ ਸਨ।

7 ਦਸੰਬਰ ਨੂੰ ਸਾਡੀ ਫੌਜ ਦਾ ਕਬਜ਼ਾ ਪੂਰਬੀ ਪਾਕਿ-ਸਤਾਨ (ਹੁਣ ਬੰਗਲਾ ਦੇਸ਼) ਦੀ ਪ੍ਰਸਿੱਧ ਛਾਉਣੀ ਜੈਸੂਰ ਉਪਰ ਹੋ ਗਿਆ ਸੀ। ਸਾਡੀ ਪਲਟਨ ਨੂੰ ਜੋ ਬੈਰਕਾਂ ਮਿਲੀਆਂ ਦੋ ਦਿਨ ਦਮ ਮਾਰਨ ਲਈ, ਉਹਦੇ ਚੋਂ ਇੱਕ




ਵਿੱਚ ਗੁਰਦੁਆਰਾ ਤੇ ਮੰਦਰ ਸਜਾਕੇ ਕੀਰਤਨ ਤੇ ਵਾਰਾਂ ਗਾਉਣੀਆਂ ਸ਼ੁਰੂ ਕਰ ਦਿੱਤੀਆ। ਜਵਾਨਾਂ ਦਾ ਉਤਸ਼ਾਹ ਵੇਖਣ ਵਾਲਾ ਸੀ। ਨੌਂ (9) ਦਸੰਬਰ ਨੂੰ ਸਵਰੇ ਅੱਠ ਵਜੇ ਪੂਰਬੀ ਕਮਾਂਡ ਦੇ ਜੀ.ਓ.ਸੀ.ਇਨ.ਸੀ. (ਜਨਰਲ ਆਫੀਸਰ ਕਮਾਂਡਰ ਇਨ-ਚੀਫ) ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ, ਜਿਨ੍ਹਾਂ ਦੀ ਕਮਾਂਡ ਹੇਠ ਬੰਗਲਾ ਦੇਸ਼ ਦੀ ਲੜਾਈ ਲੜੀ ਜਾ ਰਹੀ ਸੀ, ਆਏ। ਉਨ੍ਹਾਂ ਨੇ ਪਲਟਨ ਦਾ ਦਰਬਾਰ ਲਿਆ ਤੇ ਜਵਾਨਾਂ ਦੇ ਹੌਸਲਿਆਂ ਤੇ ਉਨ੍ਹਾਂ ਦੀਆਂ ਜਿੱਤਾਂ ਤੇ ਵਧਾਈ ਦਿੱਤੀ।

10 (ਦਸ) ਦਸਬੰਰ ਨੂੰ ਮੈਂ ਅਲਫ਼ਾ ਕੰਪਨੀ ਵਿੱਚ ਗਿਆ। ਕੰਪਨੀ ਕਮਾਂਡਰ ਏ. ਪੀ. ਵਿਸ਼ਵਾਨਾਥਨ ਬਹੁਤ ਹੀ ਨੇਕ ਔਫੀਸਰ ਸਨ। ਬਾਅਦ ਵਿੱਚ ਉਨ੍ਹਾਂ ਨੇ ਇਸੇ ਪਲਟਨ ਦੀ ਕਮਾਂਡ ਕੀਤੀ। ਜੂਨ ਚੁਰਾਸੀ ਵਿੱਚ ਜਦੋਂ ਦੇਸ਼ ਦੀ ਪ੍ਰਧਾਨ ਮੰਤਰੀ ਨੇ ਭਾਰਤੀ ਫੌਜ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਮਲਾ ਕੀਤਾ ਤਾਂ 14 ਪੰਜਾਬ ਉਦੋਂ ਪੂਨੇ ਸੀ (ਮੈਂ ਜੁਲਾਈ 1981 ਵਿਚ ਪੈਨਸ਼ਨ ਆ ਗਿਆ ਸਾਂ।) ਸਾਡੀ ਪਲਟਨ ਨੇ ਬਗਾਵਤ ਕਰ ਦਿੱਤੀ ਸੀ ਤੇ ਹਥਿਆਰ ਲਕੈ` ਟਰੱਕਾਂ ਤੇ ਕੂਚ ਕਰ ਦਿੱਤਾ ਸੀ। ਉਸ ਵੇਲੇ ਵਿਸ਼ਵਾਨਾਥਨ ਸਾਹਿਬ ਨੂੰ ਵੀ ਹਮਲੇ ਦਾ ਅਤਿਅੰਤ ਦੁੱਖ ਹੋਇਆ ਸੀ। ਆਪ ਜੀ ਨੇ ਦੋ ਸੂਬੇਦਾਰ ਸਾਹਿਬ ਮੇਰੇ ਨਾਲ ਭੇਜ ਕੇ ਸਾਰਾ ਇਲਾਕਾ ਮੈਨੂੰ ਚੰਗੀ ਤਰ੍ਹਾਂ ਦਿਖਾਇਆ। ਉਥੇ ਸਾਨੂੰ ਜੈਸੂਰ ਦੀ ਬਲਾਕ ਸੰਮਤੀ ਦਾ ਚੇਅਰਮੈਨ ਮਿਲਿਆ। ਉਹ ਕਰਾਂਤੀਕਾਰੀ ਵਿਚਾਰਾਂ ਦਾ ਧਾਰਨੀ ਸੀ ਉਸਦੇ ਦੋ ਲੜਕੇ ਮੁਕਤੀ ਵਾਹਿਨੀ (ਜਿਸ ਨੂੰ ਜਨਰਲ ਸੁਬੇਗ ਸਿੰਘ ਨੇ ਖੜ੍ਹਾ ਕੀਤਾ ਸੀ) ਵਿੱਚ ਸਨ ਤੇ ਉਹ ਆਪ ਪਿਛਲੇ ਚਾਰ ਮਹੀਨਿਆਂ ਤੋਂ ਸੈਂਟਰਲ ਜੇਹਲ ਵਿੱਚ ਕੈਦ ਸੀ। ਜਿਸ ਦਿਨ ਭਾਰਤੀ ਫੌਜ ਦਾ ਕਬਜ਼ਾ ਜੈਸੂਰ ਉਤੇ ਹੋਇਆ, ਉਸ ਦਿਨ ਹੀ ਜਿਹਲ ਦੇ ਸਭ ਦਰਵਾਜ਼ੇ ਭੰਨ ਕੇ ਨਿਰਦੋਸ਼ ਕੈਦੀਆਂ ਨੂੰ ਰਿਹਾ ਕਰ ਦਿੱਤਾ ਗਿਆ। ਉਨ੍ਹਾਂ ਵਿੱਚ ਤਿੰਨ ਸੌ ਨੌਂ (309) ਕਵਾਰੀਆਂ ਕਾਲਜੀਏਟ ਲੜਕੀਆਂ ਵੀ ਸਨ। ਉਨ੍ਹਾਂ ਵਿੱਚ ਇੱਕ ਲੜਕੀ ਇਸ ਚੇਅਰਮੈਨ ਦੀ ਵੀ ਸੀ। ਉਸਨੇ ਭਰੇ ਹੋਏ ਗਲੇ ਨਾਲ ਦੱਸਿਆ ਇਨ੍ਹਾਂ ਵਿੱਚੋਂ ਕੁਝ ਇੱਕ ਨੂੰ ਛੱਡ ਕੇ ਬਾਕੀ ਸਭ ਲੜਕੀਆਂ ਪਾਕਿਸਤਾਨ ਦੇ ਫੌਜੀਆਂ ਦੇ ਨਾਪਾਕ ਪਾਪਾਂ ਦੀਆਂ ਪੰਡਾਂ ਪੇਟ ਵਿੱਚ ਚੁੱਕੀ ਫਿਰਦੀਆਂ ਸਨ। ਮੇਰਾ ਹਮੇਸ਼ਾ ਹੀ ਜਆਨਾਂ ਨੂੰ ਇਹੀ ਦ੍ਰਿੜਾਉਣ ਤੇ ਜ਼ੋਰ ਰਹਿੰਦਾ ਕਿ ਬੰਦਾ ਹਮੇਸ਼ਾ ਉਦੋਂ ਹੀ ਹਾਰਦਾ ਹੈ ਜਦੋਂ ਉਹ ਆਪਣੇ ਆਚਰਨ ਤੋਂ ਡਿੱਗ ਪੈਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਅਮਰ ਬੋਲ ਹਨ, ''ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ'' ਹਰ ਕੰਪਨੀ ਵਿੱਚ ਜਦੋਂ ਵੀ ਮੈਂ ਉਨ੍ਹਾਂ ਨੂੰ ਮਿਲਣ ਤੇ ਅਰਦਾਸ ਕਰਨ ਗਿਆ ਤਾਂ ਸਿੱਖ ਇਤਿਹਾਸ ਦੀ ਇਹ ਸਾਖੀ ਉਨ੍ਹਾਂ ਨੂੰ ਜ਼ਰੂਰ ਸੁਣਾਉਂਦਾ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਾ ਇਹ ਵਾਕਿਆ ਹੈ ਜਦੋਂ ਅਜੇ ਖਾਲਸਾ ਪੰਥ ਹੋਂਦ ਵਿੱਚ ਨਹੀਂ ਸੀ ਆਇਆ, ਸਿੱਖ ਅਜੇ ਸਿੰਘ ਨਹੀਂ ਸੀ ਬਣੇ। ਪਹਾੜੀ ਰਾਜਿਆਂ ਤੇ ਮੁਗਲਾਂ ਨਾਲ ਸਿੱਖਾਂ ਦੇ ਹੱਕ ਸੱਚ ਲਈ ਜੰਗ ਚੱਲ ਰਹੇ ਸਨ। ਇੱਕ ਲੜਾਈ ਵਿੱਚ ਇੱਕ ਮੁਗਲ ਨਵਾਬ ਦੀ ਲੜਕੀ ਸਿੱਖਾਂ ਦੇ ਹੱਥ ਲੱਗ ਗਈ। ਸਿੱਖ ਉਸ ਲੜਕੀ ਨਾਲ ਓਹੀ ਸਲੂਕ ਕਰਨਾ ਚਾਹੁੰਦੇ ਸਨ ਜੋ ਮੁਗਲ ਪਠਾਣ ਹਿੰਦਵਾਣੀਆਂ ਨਾਲ ਕਰਦੇ ਆ ਰਹੇ ਸਨ। ਪਰ ਗੁਰੂ ਸਿਧਾਂਤ ਉਨ੍ਹਾਂ ਨੂੰ ਸਖਤੀ ਨਾਲ ਵਰਜਦਾ ਸੀ। ਸੁਖਮਨੀ ਦਾ ਆਸ਼ਕ ਜੋ ਨਿਤ ਇਹ ਪੜਦ੍ਹਾ, ''ਪਰ ਤ੍ਰਿਅ ਰੂਪ ਨ ਪੇਖੈ ਨੇਤ੍ਰ''। ਭਾਈ ਗਰੁ ਦਾਸ ਜੀ ਦੀਆਂ ਵਾਰਾਂ ਦਾ ਪਾਠ ਕਰਨੇ ਵਾਲਾ ''ਵੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ। ਜਾਂ ''ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ''। ਇਹ ਕੁਕਰਮ ਕਿਵੇਂ ਕਰਦਾ। ਅਖੀਰ ਨੂੰ ਜਿਨ੍ਹਾਂ ਸਿੱਖਾਂ ਨੇ ਉਸ ਲੜਕੀ ਨੂੰ ਫੜਿਆ ਸੀ, ਉਹ ਸਮੇਤ ਲੜਕੀ ਦੇ ਗੁਰੂ ਜੀ ਕੋਲ ਪੁੱਜ ਗਏ। ਜੋ ਸਵਾਲ ਉਨ੍ਹਾਂ ਗੁਰੂ ਜੀ ਤੇ ਕੀਤਾ ਉਸਨੂੰ ਸੂਰਜ ਪ੍ਰਕਾਸ਼ ਦੇ ਰਚੈਤਾ ਭਾਈ ਸੰਤੋਖ ਸਿੰਘ ਜੀ ਇਉਂ ਲਿਖਦੇ ਨੇ;

''ਪੁੰਨਿ ਸਿਖਨ ਬੂਝਹਿ ਗੁਣ ਖਾਣੀ
ਸਕਲ ਤੁਰਕ ਭੁਗਵਹਿ ਹਿੰਦਵਾਣੀ।।
ਸਿੱਖ ਬਦਲਾ ਲੈ ਭਲਾ ਜਣਾਵੈ।
ਗੁਰ ਸ਼ਾਸਤ੍ਰ ਕਿਉਂ ਵਰਜਿ ਹਟਾਵੈ।''

ਭਾਵ ਕਿ ਅਸੀਂ ਬਦਲਾ ਲੈਣਾ ਚਾਹੁੰਦੇ ਹਾਂ ਪਰ ਤੁਹ-ਾਡਾ ਫ਼ਲਸਫ਼ਾ ਸਾਨੂੰ ਕਿਉਂ ਵਰਜ ਰਿਹਾ ਹੈ। ਗੁਰੂ ਜੀ ਨੇ ਇਸ ਦੇ ਉਤਰ ਵਿੱਚ ਕਿਹਾ;

''ਸੁਣਿ ਸਤਿਗੁਰ ਬੋਲੇ ਤਿਸ ਬੇਰੇ।।
ਹਮ ਲੇ ਜਾਣਹੁ ਪੰਥ ਉਚੇਰੇ।
ਨਾਹਿ ਅਧੋ ਗਤਿ ਬਿਖੈ ਪੁਚਾਵਹਿ।।
ਯਾ ਤੇ ਕਲਮਲ ਕਰਨ ਹਟਾਵਹਿ''



ਭਾਵ ਅਸੀਂ ਆਪਣੇ ਪੰਥ ਨੂੰ ਉਚਾ ਲਿਜਾਣਾ ਹੈ। ਇਸ ਲਈ ਇਨ੍ਹਾਂ ਖਾਈਆਂ ਤੋਂ ਬਚਾਉਣ ਲਈ ਖਬਰਦਾਰ ਕਰਦੇ ਹਾਂ। ਉਨ੍ਹਾਂ ਸਿੱਖਾਂ ਨੂੰ ਕਿਹਾ ਕਿ ਇਸ ਬੱਚੀ ਨੂੰ ਉਸੇ ਪਿਆਰ ਤੇ ਸਤਿਕਾਰ ਨਾਲ ਇਸਦੇ ਘਰ ਪਹੁੰਚਾ ਕੇ ਆਵੋ ਜਿਵੇਂ ਇੱਕ ਬਾਪ ਜਾਂ ਇੱਕ ਭਰਾ ਪਿਆਰ ਨਾਲ ਛੱਡ ਕੇ ਆਉਂਦਾ ਹੈ। ਗਰੂ ਜੀ ਜਾਣ ਗਏ ਸਨ ਕਿ ਜੰਗਾਂ ਜੁੱਧਾਂ ਵੇਲੇ ਅਜੇਹੇ ਪਾਪ ਵਰਤਦੇ ਰਹਿਣੇ ਨੇ, ਇਸੇ ਲਈ ਜਦੋਂ ਅੰਮ੍ਰਿਤ ਛਕਾਇਆ ਤਾਂ ਚਾਰ ਬੱਜਰ ਕੁਰੈਹਿਤਾਂ ਵਿੱਚ ਇੱਕ ਇਹ ਵੀ ਸ਼ਾਮਲ ਕੀਤੀ, "ਤੁਰਕਣੀ ਦਾ ਸੰਗ ਨਹੀਂ ਕਰਨਾ"। ਭਾਵ ਵੈਰੀ ਦੀ ਇਸਤ੍ਰੀ ਵੱਲ ਵੀ ਬੁਰੀ ਨਜ਼ਰ ਨਾਲ ਨਹੀਂ ਤੱਕਣਾ। ਮੈਂ ਇਹ ਲਿਖਣ ਵਿੱਚ ਫ਼ਖ਼ਰ ਮਹਿਸੂਸ ਕਰਦਾ ਹਾਂ ਕਿ ਸਾਡੇ ਜਵਾਨਾਂ ਨੇ ਹਰ ਇਸਤ੍ਰੀ ਦਾ ਸਤਿਕਾਰ ਕੀਤਾ। ਇਸ ਦੀ ਸਪੱਸ਼ਟ ਉਦਾਹਰਣ ਮੈਂ ਆਪਣੇ ਅੱਖੀ 18 ਦਸੰਬਰ 1971 ਈ: ਨੂੰ ਤੱਕੀ। ਲੜਾਈ ਜਿੱਤੀ ਗਈ ਸੀ ਤੇ ਉਥੋਂ ਦੀਆਂ ਲੜਕੀਆਂ ਸਾਡੇ ਜਵਾਨਾਂ ਦੇ ਗੁੱਟਾਂ ਤੇ ਰੱਖੜੀਆਂ ਬੰਨ੍ਹ ਰਹੀਆਂ ਸਨ। ਇੱਕ ਬੰਗਲਾ ਦੇਸ਼ੀ ਪ੍ਰਤਿਸ਼ਠ ਸੱਜਣ ਨੇ ਮੈਨੂੰ ਖੁਲਨੇ (ਬੰਗਲਾ ਦੇਸ਼ ਦੀ ਬੰਦਰਗਾਹ ਜਿੱਥੇ ਢਾਕੇ ਤੋਂ ਬਾਅਦ ਪਾਕਿਸਤਾਨੀ ਫੌਜ ਨੇ ਆਤਮ ਸਮਰਪਣ ਕੀਤਾ) ਦੱਸਿਆ ਕਿ ਅੱਜ ਛੇ ਮਹੀਨੇ ਬਾਅਦ ਸਾਡੀਆਂ ਬੱਚੀਆਂ ਨੇ ਸੂਰਜ ਦੇਖਿਆ ਹੈ। ਉਹ ਡਰਦੀਆਂ ਅੰਦਰੋਂ ਨਹੀਂ ਸਨ ਨਿਕਲਦੀਆਂ ਕਿਉਂ ਕਿ ਪਾਕਿਸਤਾਨ ਦੇ ਸਿਪਾਹੀਆਂ ਨੇ ਨੌ ਨੌ ਸਾਲ ਦੀਆਂ ਬੱਚੀਆਂ ਵੀ ਨਹੀਂ ਸਨ ਬਖ਼ਸ਼ੀਆਂ। ਦਰ ਅਸਲ ਇਸ ਵਰਤਾਰੇ ਤੋਂ ਇੱਕ ਗੱਲ ਸਪੱਸ਼ਟ ਹੁੰਦੀ ਸੀ ਕਿ ਬੰਗਾਲੀਆਂ ਦੀ ਨਸਲ ਬਦਲ ਦਿੱਤੀ ਜਾਵੇ। ਟੈਕਾਂ ਵਿੱਚੋਂ ਮੋਰਚਿਆਂ ਵਿਚੱੋਂ ਛਾਉਣੀਆਂ ਵਿੱਚੋਂ, ਤਲਾਵਾਂ ਵਿਚੱੋਂ ਜਿਹਲਾਂ ਦੀਆਂ ਕਾਲ ਕੋਠੜੀਆਂ ਵਿੱਚੋਂ ਬੰਗਲਾ ਦੇਸ਼ ਦੀਆਂ ਬਦਨਸੀਬ ਬੱਚੀਆਂ ਦੀ ਕੁਰਲਾਹਟ ਅੱਜ ਵੀ ਮੇਰੇ ਕੰਨਾਂ ਵਿੱਚ ਉਵੇਂ ਗੂੰਜਦੀ ਪਈ ਹੈ ਜਿਵੇਂ ਉਹ ਅਸਮਤ ਲੁਟੀਂਦੀ ਵੇਲੇ ਕੁਰਲਾਉਂਦੀਆਂ ਸਨ। ਮੈਂ ਸਮਝਦਾ ਪਾਕਿਸਤਾਨੀ ਫੌਜ ਦੇ ਪਤਨ ਦਾ ਕਾਰਨ ਉਨ੍ਹਾਂ ਦਾ ਇਖ਼ਲਾਕ ਤੋਂ ਡਿਗਣਾ ਸੀ। ਨਹੀਂ ਤਾਂ ਉਨ੍ਹਾਂ ਕੋਲ ਲੋਹੜੇ ਦਾ ਅਸਲਾ ਸੀ ਤੇ ਉਨ੍ਹਾਂ ਦੀ ਬਹਾਦਰੀ ਤੇ ਵੀ ਕੋਈ ਉਂਗਲ ਨਹੀਂ ਉਠਾ ਸਕਦਾ। ਇੱਕ ਅੰਗਰੇਜ਼ੀ ਕਹਾਵਤ ਹੈ ਕਿ ਜੇ ਧਨ ਚਲਾ ਜਾਵੇ ਤਾਂ ਸਮਝੋ ਕੁਝ ਨਹੀਂ ਗਿਆ, ਜੇ ਸਿਹਤ ਚਲੀ ਜਾਵੇ ਤਾਂ ਸਮਝੋ ਕੁਝ ਚਲਾ ਗਿਆ ਪਰ ਜੇ ਆਚਰਨ ਚਲਾ ਜਾਵੇ ਤਾਂ ਬਚਦਾ ਹੀ ਕੁਝ ਨਹੀਂ।

**ਚਲਦਾ...**

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ!
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ, ਕੱਦ 5‘9“, ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

***************

ਕੈਨੇਡਾ ’ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ ’ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ ’ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ ’ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।

ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ’ ਚ ਰਹਿੰਦੇ ਲੜਕੇ ਲਈ ਕੈਨੇਡਾ ‘ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ ‘ਚ ਪੀ.ਆਰ. ਹੈ।

ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6’ ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ

ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।

ਫੋਨ ਨੰਬਰ-778-957-1670

***************

ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5’3”, Msc, MCA ਲਈ ਇੰਡੀਆ ਵਿਚ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

***************

27 ਸਾਲਾਂ 5’-7” ਵਰਕ ਪਰਮਿਟ ’ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਏਚਏਨਟ ਫਹੋਟੋ ਅਨਦ ਬੌਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

***************

34 ਸਾਲਾਂ 5’-3” M.A. B.Ed. ਨੈਨੀ ਵਰਕ ਪਰਮਿਟ ’ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

***************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5’2”, ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੋਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662, Email: dharam.sidhu@yahoo.com

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ ‘ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ ‘ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ, ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੇਲਟਾ ‘ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

### ਲੜਕੀ ਦੀ ਲੋੜ

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5’10” (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਵੂ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6’ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ। ਸੰਪਰਕ: 604-809-3121

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ।ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।

ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)

Insulator (2)

Painter (3)

Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5’5”, MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।

ਵਟਸਅਪ ਨੰਬਰ ‘ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5’6”, ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।

ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ ‘ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ ‘ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਦਰਾਂ ਵਿੱਚ ਤੇਲ ਚੁਆ ਦਾਰੀਏ...

ਵਿਆਹ ਮਨੁੱਖੀ ਜੀਵਨ ਦਾ ਸਭ ਤੋਂ ਮਹੱਤਵਪੂਰਨ ਮੌਕਾ ਹੁੰਦਾ ਹੈ। ਵੱਖ ਵੱਖ ਸੱਭਿਆਚਾਰਾਂ ਵਿੱਚ ਇਸ ਮੌਕੇ ਨੂੰ ਹੋਰ ਰੰਗੀਨ, ਹੁਸੀਨ, ਯਾਦਗਾਰੀ ਤੇ ਮਨੋਰੰਜਕ ਬਣਾਉਣ ਅਤੇ ਤਤਕਾਲੀ ਵਿਵਹਾਰਕ ਜ਼ਰੂਰਤਾਂ ਵਰਗੇ ਕਈ ਉਦੇਸ਼ਾਂ ਦੀ ਪੂਰਤੀ ਨਾਲ ਬਹੁਤ ਸਾਰੀਆਂ ਰੀਤਾਂ, ਰਸਮਾਂ, ਰਿਵਾਜ ਵਿਆਹ ਨਾਲ ਜੁੜਦੇ ਗਏ ਹਨ। ਅਜਿਹਾ ਹੀ ਕੁਝ ਪੰਜਾਬੀ ਸੱਭਿਆਚਾਰ ਵਿੱਚ ਵੀ ਹੈ। ਪੰਜਾਬੀ ਵਿਆਹ ਨਾਲ ਸਬੰਧਤ ਬਹੁਤ ਸਾਰੇ ਰੀਤਾਂ, ਰਸਮਾਂ, ਰਿਵਾਜਾਂ ਵਿੱਚੋਂ ਬਹੁਤ ਸਾਰੀਆਂ ਕਿਸੇ ਨਾ ਕਿਸੇ ਪੱਖ ਤੋਂ ਅਰਥ ਭਰਪੂਰ ਅਤੇ ਵਕਤੀ ਮਹੱਤਵ ਤੇ ਜ਼ਰੂਰਤਾਂ ਦੇ ਧਾਰਨੀ ਹਨ। ਸਮੇਂ ਨਾਲ ਬਦਲੀਆਂ ਸਥਿਤੀਆਂ, ਹਾਲਤਾਂ ਅਤੇ ਜ਼ਰੂਰਤਾਂ ਕਾਰਨ ਭਾਵੇਂ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਦੇ ਰੂਪ ਬਦਲੇ ਹਨ ਜਾਂ ਖ਼ਤਮ ਹੋ ਗਈਆਂ ਹਨ, ਪ੍ਰੰਤੂ ਕੁੱਝ ਕੁ ਰੀਤੀ, ਰਿਵਾਜ, ਰਸਮਾਂ ਪ੍ਰਤੀਕਾਤਮਕ ਤਰੀਕੇ ਨਾਲ ਹਾਲੇ ਵੀ ਪ੍ਰਚੱਲਿਤ ਹਨ। ਵਿਆਹ ਨਾਲ ਸਬੰਧਤ ਅਜਿਹੀ ਹੀ ਇੱਕ ਰਸਮ ਹੈ 'ਤੇਲ ਚੋਣਾ'। ਮੌਜੂਦਾ ਸਮੇਂ ਇਹ ਰਸਮ ਕੇਵਲ ਵਿਆਹ ਸਮੇਂ ਹੀ ਨਹੀਂ, ਸਗੋਂ ਹੋਰ ਵੀ ਬਹੁਤ ਸਾਰੇ ਸ਼ੁਭ ਤੇ ਮਹੱਤਵਪੂਰਨ ਮੌਕਿਆਂ ਸਮੇਂ ਨਿਭਾਈ ਜਾਂਦੀ ਹੈ। ਇਸ ਰਸਮ ਅਨੁਸਾਰ ਕਿਸੇ ਸ਼ੁਭ ਕਾਰਜ, ਖ਼ਾਸ ਕਰਕੇ ਵਿਆਹ ਸਮੇਂ ਖ਼ਾਸ ਮਹਿਮਾਨਾਂ ਦੇ ਆਉਣ ਸਮੇਂ ਘਰ ਦੇ ਮੁੱਖ ਦਰਵਾਜ਼ੇ ਅੱਗੇ ਤੇਲ ਚੋਇਆ/ ਢਾਲਿਆ ਜਾਂਦਾ ਹੈ। ਪੰਜਾਬੀ ਸੱਭਿਆਚਾਰ ਵਿੱਚ ਵਿਆਹ ਸਮੇਂ ਤੇਲ ਚੋਣ ਦੀ ਪਰੰਪਰਾ ਕਾਫ਼ੀ ਪੁਰਾਤਨ ਹੈ। ਇਸ ਦੀ ਪੁਰਾਤਨਤਾ ਦਾ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਦੇ ਰਾਗ ਗਉੜੀ ਵਿੱਚ ਦਰਜ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਤੋਂ ਮਿਲਦਾ ਹੈ। ਇਸ ਸ਼ਬਦ ਵਿੱਚ ਗੁਰੂ ਸਾਹਿਬ ਦੁਨਿਆਵੀ ਮਿਲਾਪ ਦੀ ਬਜਾਏ ਪਰਮਾਤਮਾ ਦੇ ਮਿਲਾਪ ਦਾ ਸਮਾਂ ਤੈਅ ਹੋਣ ਅਤੇ ਇਸ ਸਮੇਂ ਤੇਲ ਚੋਣ ਸਬੰਧੀ ਕੁਝ ਇਸ ਤਰ੍ਹਾਂ ਫਰਮਾਉਂਦੇ ਹਨ:

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥

ਦਰਵਾਜ਼ੇ ਤੇਲ ਚੋਣਾ ਕਿਸੇ ਖ਼ਾਸ ਮਹਿਮਾਣ ਦੇ ਘਰ ਆਉਣ ਦਾ ਪ੍ਰਤੀਕ ਹੈ। ਇਸ ਕਰਕੇ ਕਿਸੇ ਵੱਲੋਂ ਕਿਸੇ ਆਪਣੇ ਦੇ ਆਉਣ ਦੀ ਉਡੀਕ ਵਿੱਚ ਤੇਲ ਚੋਅ ਕੇ ਉਡੀਕ ਕਰਨ ਸਬੰਧੀ ਲੋਕ ਬੋਲੀਆਂ ਵਿੱਚ ਵੇਰਵਾ ਕੁੱਝ ਇਸ ਤਰ੍ਹਾਂ ਮਿਲਦਾ ਹੈ:

ਰਾਹ ਵਿੱਚ ਨੈਣ ਵਿਛਾ ਲਏ, ਅਸੀਂ ਤੇਲ ਬਰੂਹੀਂ ਚੋਇਆ
ਸਗਲੀ ਰਾਤ ਲੰਘਾ ਲਈ, ਅਸੀਂ ਕੌਲੇ ਨਾਲ ਖਲੋਇਆ।

ਪੰਜਾਬੀ ਵਿਆਹ ਵਿੱਚ ਨਾਨਕਿਆਂ ਦਾ ਕਾਫ਼ੀ ਮਹੱਤਵਪੂਰਨ ਸਥਾਨ, ਮਾਨ ਸਨਮਾਨ ਅਤੇ ਭੂਮਿਕਾ ਹੁੰਦੀ ਹੈ। ਨਾਨਕ ਛੱਕ ਭਰਨ ਆਏ ਨਾਨਕਿਆਂ ਵੱਲੋਂ ਨਾਨਕੇ ਮੇਲ ਦੀਆਂ ਮੇਲਣਾ ਪਿੰਡ ਦੇ ਫਲ੍ਹੇ ਵਿੱਚੋਂ ਦੀ ਹੁੰਦੀਆਂ ਹੋਈਆਂ ਬੰਬੀਹਾ ਬੁਲਾਉਂਦੀਆਂ ਵਿਆਹ ਵਾਲੇ ਘਰ ਵੱਲ ਵਧਦੀਆਂ ਹਨ। ਵਿਆਹ ਵਾਲੇ ਘਰ ਵਾਲੇ ਲੋਕ ਉਨ੍ਹਾਂ ਦੇ ਸਵਾਗਤ ਲਈ ਪੂਰੀ ਤਰ੍ਹਾਂ ਤਿਆਰ ਹੁੰਦੇ ਹਨ। ਵਿਆਹ ਵਾਲਾ ਘਰ ਨੇੜੇ ਆਉਂਦਿਆਂ ਨਾਨਕਾ ਮੇਲ ਦੀਆਂ ਮੇਲਣਾਂ ਆਪਣੇ ਗੀਤਾਂ ਵਿੱਚ ਸਬੰਧਤ ਘਰ ਵਾਲਿਆਂ ਨੂੰ ਤੇਲ ਚੋਅ ਕੇ ਸਵਾਗਤ ਕਰਨ ਲਈ ਕੁਝ ਇਸ ਤਰ੍ਹਾਂ ਕਹਿੰਦੀਆਂ:

ਆਉਂਦੀ ਕੁੜੀਏ, ਜਾਂਦੀ ਕੁੜੀਏ, ਲਾਹ ਲੈ ਕਿੱਕਰ ਤੋਂ ਛਾਪੇ
ਆ ਜਾ ਧੀਏ ਸਰਦਲ 'ਤੇ, ਤੇਲ ਚੋਅ ਨੀਂ, ਆਏ ਤੇਰੇ ਮਾਪੇ।
ਆ ਜਾ ਧੀਏ ਸਰਦਲ 'ਤੇ

ਵਿਆਹ ਵਾਲੇ ਘਰ ਦੀ ਲਾਗਣ ਸਰ੍ਹੋਂ ਦੇ ਤੇਲ ਨੂੰ ਦਰਵਾਜ਼ੇ ਅੱਗੇ ਚੋਣ ਲਈ ਉਪਯੋਗ ਕਰਦੀ ਹੈ। ਲਾਗਣ ਨਾਨਕੇ ਮੇਲ ਦੇ ਘਰ ਦੇ ਦਰਵਾਜ਼ੇ 'ਤੇ ਆਉਣ 'ਤੇ ਦਰਵਾਜ਼ੇ ਦੇ ਕੌਲਿਆਂ 'ਤੇ ਤੇਲ ਪਾਉਂਦੀ ਹੈ। ਇਸ ਦੇ ਬਦਲੇ ਤੇਲ ਢਲਾਈ ਦੇ ਸ਼ਗਨ ਵਜੋਂ ਕੁਝ ਰਾਸ਼ੀ ਨਾਨਕੇ ਪਰਿਵਾਰ ਵਾਲਿਆਂ ਵੱਲੋਂ ਲਾਗਣ ਨੂੰ ਦਿੱਤੀ ਜਾਂਦੀ ਹੈ। ਅਜਿਹਾ ਹੋਣ ਕਾਰਨ ਨਾਨਕਿਆਂ ਦੁਆਰਾ ਗਾਏ ਜਾਂਦੇ ਗੀਤਾਂ, ਦੋਹਿਆਂ, ਬੋਲੀਆਂ ਵਿੱਚ ਇਸ ਸਬੰਧੀ ਕੁੱਝ ਇਸ ਤਰ੍ਹਾਂ ਜ਼ਿਕਰ ਮਿਲਦਾ ਹੈ:

ਉੱਠ ਨੀਂ ਬੀਬੀ ਸੁੱਤੀਏ
ਨੀਂ ਮਾਮੇ ਤੇਰੜੇ ਆਏ
ਨਾਲ ਸੋਂਹਦੀਆਂ ਮਾਮੀਆਂ ਨੀਂ
ਮਾਮੇ ਨਾਨੀ ਦੇ ਜਾਏ
ਹੱਥਾਂ ਵਿੱਚ ਅੱਲ੍ਹੀਆਂ ਛਮਕਾਂ
ਊਠਾਂ 'ਤੇ ਚੜ੍ਹ ਆਏ
ਭੇਜ ਨੀਂ ਦਰਵਾਜ਼ੇ ਲਾਗਣ ਨੂੰ
ਆ ਕੌਲੇ ਤੇਲ ਨੀਂ ਪਾਏ।

ਇਸੇ ਤਰ੍ਹਾਂ ਵਿਆਹ ਸਮੇਂ ਨਾਨਕੀਆਂ-ਦਾਦਕੀਆਂ ਦੁਆਰਾ ਸਿੱਠਣੀਆਂ, ਗੀਤਾਂ ਤੇ ਬੋਲੀਆਂ ਵਿੱਚ ਨੋਕ ਝੋਕ ਚੱਲਦੀ ਰਹਿੰਦੀ ਹੈ। ਇਨ੍ਹਾਂ ਰਾਹੀਂ ਇੱਕ ਦੂਸਰੇ 'ਤੇ ਤੰਜ ਕਸਿਆ ਜਾਂਦਾ ਹੈ ਅਤੇ ਇਸ ਨਾਲ ਖ਼ੂਬ ਹਾਸਾ ਮਜ਼ਾਕ ਅਤੇ ਮਨੋਰੰਜਨ ਹੁੰਦਾ ਹੈ। ਅਜਿਹੇ ਸਮੇਂ ਦਾਦਕੀਆਂ ਵੱਲੋਂ ਨਾਨਕੀਆਂ ਨੂੰ ਗੀਤਾਂ ਰਾਹੀਂ ਤੇਲ ਚੋਣ ਸਬੰਧੀ ਕੁਝ ਇਸ ਤਰ੍ਹਾਂ ਕਿਹਾ ਜਾਂਦਾ:

ਕਰਤਾਰ ਕੁਰ ਨਖਰੋ, ਦਰਾਂ ਵਿੱਚ ਤੇਲ ਚੁਆ ਦਾਰੀਏ
ਨੀਂ ਮੇਲਣਾ ਆਈਆਂ ਦੇ, ਇਨ੍ਹਾਂ ਸੂਰੀਆਂ ਦਾ ਸ਼ਗਨ ਮਨਾ ਦਾਰੀਏ।

ਕੇਵਲ ਨਾਨਕੇ ਮੇਲ ਦਾ ਹੀ ਨਹੀਂ, ਸਗੋਂ ਹੋਰ ਵੀ ਖ਼ਾਸ ਮਹਿਮਾਨਾਂ ਦੇ ਆਉਣ ਸਮੇਂ ਤੇਲ ਚੋਅ ਕੇ ਸਵਾਗਤ ਕੀਤਾ ਜਾਂਦਾ। ਵਿਆਹ ਕੇ ਆਈ ਨਵ ਵਿਆਹੁਤਾ ਦਾ ਸਵਾਗਤ ਵੀ ਤੇਲ ਚੋਅ ਕੇ ਕੀਤਾ ਜਾਂਦਾ। ਸਾਹਿਬਾ ਦੁਆਰਾ ਅਜਿਹੀ ਹੀ ਇੱਛਾ ਦਾ ਪ੍ਰਗਟਾਵਾ ਗੀਤਾਂ ਵਿੱਚ ਕੁਝ ਇਸ ਤਰ੍ਹਾਂ ਕੀਤਾ ਮਿਲਦਾ ਹੈ:

ਮੇਰੇ ਮਾਪਿਆਂ ਦੇ ਰਹਿ ਗਏ ਵਿੱਚੇ ਚਾਅ ਅੜਿਆ।
ਕਿਤੇ ਚੱਲ ਕੇ ਤੂੰ ਤੇਲ ਚੁਆ ਅੜਿਆ।

ਵਿਆਹ ਸਮੇਂ ਤੇਲ ਚੋਣ ਦੀ ਰਸਮ ਵਿਆਹ ਦੀਆਂ ਸਭ ਤੋਂ ਮਹੱਤਵਪੂਰਨ ਰਸਮਾਂ ਵਿੱਚੋਂ ਹੈ। ਅਜਿਹਾ ਹੋਣ ਕਾਰਨ ਲੋਕ ਗੀਤਾਂ, ਬੋਲੀਆਂ ਆਦਿ ਵਿੱਚ ਵਿਆਹ ਦੀਆਂ ਦੂਸਰੀਆਂ ਰਸਮਾਂ ਨਾਲ ਇਸ ਰਸਮ ਦਾ ਜ਼ਿਕਰ ਵੀ ਕੁਝ ਇਸ ਤਰ੍ਹਾਂ ਮਿਲਦਾ ਹੈ:

ਛੜਾ ਛੜੇ ਨਾਲ ਕਰੇ ਸਲਾਹਾਂ
ਬਈ ਆਪਾਂ ਵੀ ਵਿਆਹ ਕਰਵਾਈਏ
ਗੀਤ ਗਾਉਂਦਾ ਮੇਲ ਆਉਗਾ
ਆਪਣੇ ਬੂਹੇ ਵੀ ਤੇਲ ਚੁਆਈਏ
ਬਈ ਜਿਹੜੀ ਆਪਣੇ ਵਿਆਹ ਕੇ ਆਓ
ਉਹਨੂੰ ਛੱਜ ਟੂੰਮਾਂ ਦਾ ਪਾਈਏ।

ਤੇਲ ਚੋਣਾ/ਢਾਲਣਾ ਅਸਲ ਵਿੱਚ ਪੁਰਾਤਨ ਸਮੇਂ ਪੰਜਾਬੀਆਂ ਦੀਆਂ ਜ਼ਰੂਰਤ ਵਿੱਚੋਂ ਉਪਜੀ ਰਸਮ ਹੈ। ਪਹਿਲਾਂ ਘਰਾਂ ਦੇ ਮੁੱਖ ਦਰਵਾਜ਼ੇ ਲੱਕੜ ਦੇ ਬਣੇ ਹੁੰਦੇ ਸਨ ਅਤੇ ਉਨ੍ਹਾਂ ਦੀਆਂ ਚੂਲਾਂ ਵੀ ਲੱਕੜ ਦੀਆਂ ਹੁੰਦੀਆਂ ਸਨ। ਮੁੱਖ ਦਰਵਾਜ਼ੇ ਨੂੰ ਵਿਸ਼ੇਸ਼ ਜ਼ਰੂਰਤਾਂ ਜਾਂ ਮੌਕਿਆਂ ਸਮੇਂ ਹੀ ਖੋਲ੍ਹਿਆ ਜਾਂਦਾ ਸੀ ਅਤੇ ਆਮ ਹਾਲਤਾਂ ਵਿੱਚ ਜ਼ਿਆਦਾਤਰ ਬੰਦ ਰਹਿੰਦੇ ਸਨ। ਘਰ ਦੇ ਮੁੱਖ ਦਰਵਾਜ਼ਿਆਂ ਦੇ ਵਿਚਕਾਰ ਛੋਟੀ ਤਾਕੀ ਹੁੰਦੀ ਸੀ, ਜਿਸ ਨੂੰ ਆਮ ਵਰਤੋਂ ਲਈ ਖੋਲ੍ਹਿਆ ਜਾਂਦਾ ਸੀ। ਕਦੇ ਕਦਾਈ ਖੋਲ੍ਹਣ ਕਾਰਨ ਦਰਵਾਜ਼ੇ ਦੀਆਂ ਚੂਲਾਂ ਨਮੀ ਜਾਂ ਮਿੱਟੀ ਪੈਣ ਕਾਰਨ ਦਰਵਾਜ਼ਾ ਖੋਲ੍ਹਣ ਸਮੇਂ ਆਵਾਜ਼ ਪੈਦਾ ਕਰਨ ਲੱਗਦੇ ਸਨ। ਵਿਆਹ ਵਰਗੇ ਖ਼ਾਸ ਮੌਕਿਆਂ 'ਤੇ ਸਾਰੇ ਦਰਵਾਜ਼ੇ ਨੂੰ ਖੋਲ੍ਹਣ ਦੀ ਜ਼ਰੂਰਤ ਹੋਣ ਕਾਰਨ ਮੁੱਖ ਦਰਵਾਜ਼ੇ ਦੀਆਂ ਚੂਲਾਂ ਨੂੰ ਤੇਲ ਲਗਾ ਕੇ ਰੈਲਾ ਕੀਤਾ ਜਾਂਦਾ। ਖ਼ਾਸ ਮਹਿਮਾਨਾਂ ਦੀ ਆਮਦ ਸਮੇਂ ਵਿਸ਼ੇਸ਼ ਰੂਪ ਵਿੱਚ ਇਸ ਗੱਲ ਦਾ ਖਿਆਲ ਰੱਖਿਆ ਜਾਂਦਾ ਕਿ ਦਰਵਾਜ਼ੇ ਖੋਲ੍ਹਣਾ ਸੁਖਾਲਾ ਹੋਵੇ ਅਤੇ ਉਨ੍ਹਾਂ ਨੂੰ ਦਰਵਾਜ਼ੇ ਖੋਲ੍ਹਣ ਸਮੇਂ ਆਵਾਜ਼ ਸੁਣਾਈ ਨਾ ਦੇਵੇ। ਇਸ ਕਰਕੇ ਉਸ ਸਮੇਂ ਉਚੇਚੇ ਰੂਪ ਵਿੱਚ ਦਰਵਾਜ਼ੇ ਦੀਆਂ ਚੂਲਾਂ ਨੂੰ ਤੇਲ ਲਗਾਇਆ ਜਾਂਦਾ। ਸਰ੍ਹੋਂ ਦੇ ਤੇਲ ਦੀ ਵਰਤੋਂ ਦਾ ਇੱਕ ਕਾਰਨ ਉਸ ਸਮੇਂ ਸਥਾਨਕ ਪੱਧਰ 'ਤੇ ਤੇਲ ਬੀਜ ਸਰੋਂ ਦੀ ਫ਼ਸਲ ਬਹੁਤਾਤ ਵਿੱਚ ਹੋਣ ਕਾਰਨ ਇਸ ਦੀ ਉਪਲੱਬਧਤਾ ਅਤੇ ਇਸ ਤੇਲ ਵਿੱਚ ਚੰਗੀ ਚਕਨਾਹਟ ਦਾ ਹੋਣਾ ਸੀ। ਉਸ ਸਮੇਂ ਦੀ ਇਹ ਜ਼ਰੂਰਤ ਸਮੇਂ ਨਾਲ ਖ਼ੁਸ਼ੀ ਦੇ ਮੌਕਿਆਂ 'ਤੇ ਤੇਲ ਚੋਅ ਕੇ ਵਿਸ਼ੇਸ਼ ਮਹਿਮਾਨ ਦੇ ਸਵਾਗਤ ਦਾ ਪ੍ਰਤੀਕ ਬਣ ਗਈ। ਮੌਜੂਦਾ ਸਮੇਂ ਬੇਸ਼ੱਕ ਆਮ ਕਰਕੇ ਲੱਕੜ ਦੀਆਂ ਚੂਲਾਂ ਵਾਲੇ ਦਰਵਾਜ਼ੇ ਨਹੀਂ ਰਹੇ, ਪਰ ਫਿਰ ਵੀ ਵਿਆਹ ਵਰਗੇ ਖ਼ਾਸ ਮੌਕਿਆਂ 'ਤੇ ਤੇਲ ਚੋਇਆ ਜਾਂਦਾ ਹੈ। ਇਸ ਤਰ੍ਹਾਂ ਇਹ ਰਸਮ ਮੌਜੂਦਾ ਸਮੇਂ ਵੀ ਪ੍ਰਤੀਕਾਤਮਕ ਰੂਪ ਵਿੱਚ ਜਾਰੀ ਹੈ। ਤੇਲ ਚੋਣਾ ਅਜੋਕੇ ਸਮੇਂ ਵਿਆਹ ਵਰਗੇ ਮੌਕੇ ਪਹੁੰਚੇ ਖ਼ਾਸ ਲੋਕਾਂ ਦਾ ਸਵਾਗਤ ਕਰਨ ਦੇ ਪ੍ਰਤੀਕ ਦੇ ਰੂਪ ਵਿੱਚ ਜਾਰੀ ਹੈ।






# ਆਪਣੀ ਆਵਾਜ਼ ਦਾ ਲੋਹਾ ਮਨਵਾਉਣ ਵਾਲੀ ਸਤਿੰਦਰ ਬੀਬਾ

ਅੰਗਰੇਜ ਸਿੰਘ ਵਿਰਦੀ





ਪੂਰੀ ਦੁਨੀਆ ਵਿੱਚ ਪੰਜਾਬੀ ਸੰਗੀਤ ਦੀ ਆਪਣੀ ਅਲੱਗ ਪਹਿਚਾਣ ਹੈ। ਇਸ ਨੂੰ ਪੂਰੀ ਦੁਨੀਆ ਵਿੱਚ ਮਸ਼ਹੂਰ ਕਰਨ ਵਿੱਚ ਪੰਜਾਬੀ ਗਾਇਕਾਂ ਅਤੇ ਸੰਗੀਤਕਾਰਾਂ ਦਾ ਬਹੁਤ ਵੱਡਾ ਹੱਥ ਹੈ। ਸਦੀਆਂ ਤੋਂ ਪੰਜਾਬ ਦੀ ਫ਼ਿਜ਼ਾ ਵਿੱਚ ਇੱਕ ਤੋਂ ਵੱਧ ਕੇ ਇੱਕ ਸੁਰੀਲੀਆਂ ਅਤੇ ਖ਼ੂਬਸੂਰਤ ਆਵਾਜ਼ਾਂ ਗੂੰਜਦੀਆਂ ਰਹੀਆਂ ਹਨ। ਗਾਇਕੀ ਦੇ ਅੰਬਰ 'ਤੇ ਸਿਤਾਰਿਆਂ ਵਾਂਗ ਚਮਕਦੇ ਪੰਜਾਬੀ ਗਾਇਕ ਤੇ ਗਾਇਕਾਵਾਂ ਨੇ ਹਰ ਦੌਰ ਵਿੱਚ ਆਪਣੀ ਲੋਕ ਗਾਇਕੀ ਰਾਹੀਂ ਲੱਖਾਂ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ ਹੈ। ਲੋਕ ਗਾਇਕਾ ਸਤਿੰਦਰ ਬੀਬਾ ਵੀ ਪੰਜਾਬੀ ਲੋਕ ਗਾਇਕੀ ਦਾ ਇੱਕ ਅਜਿਹਾ ਹੀ ਸਿਤਾਰਾ ਸੀ ਜਿਸ ਨੇ ਆਪਣੀ ਗਾਇਕੀ ਰਾਹੀਂ ਪੰਜਾਬੀ ਸੰਗੀਤ ਨੂੰ ਪਿਆਰ ਕਰਨ ਵਾਲਿਆਂ ਦੇ ਦਿਲਾਂ 'ਤੇ ਰਾਜ ਕੀਤਾ। ਸਤਿੰਦਰ ਬੀਬਾ ਸੰਗੀਤ ਦਾ ਉਹ ਸਿਤਾਰਾ ਸਨ ਜੋ ਬਹੁਤ ਥੋੜ੍ਹੇ ਸਮੇਂ ਲਈ ਗਾਇਕੀ ਦੇ ਅੰਬਰ 'ਤੇ ਦਿਖਾਈ ਦਿੱਤਾ ਤੇ ਆਪਣੀ ਚਮਕ ਦਿਖਾਉਣ ਤੋਂ ਪਹਿਲਾਂ ਹੀ ਅੱਖਾਂ ਤੋਂ ਓਝਲ ਹੋ ਗਿਆ। ਉਸ ਨੇ ਬਹੁਤ ਥੋੜ੍ਹੇ ਅਰਸੇ ਵਿੱਚ ਸੰਗੀਤ ਦੀ ਦੁਨੀਆ ਵਿੱਚ ਆਪਣੀ ਅਲੱਗ ਪਹਿਚਾਣ ਬਣਾਉਣ ਵਿੱਚ ਕਾਮਯਾਬੀ ਹਾਸਿਲ ਕਰ ਲਈ ਸੀ। ਲੋਕ ਗਾਇਕਾ ਨਰਿੰਦਰ ਬੀਬਾ ਦੀ ਸਕੀ ਛੋਟੀ ਭੈਣ ਸਤਿੰਦਰ ਬੀਬਾ ਦੀ ਆਵਾਜ਼ ਬਹੁਤ ਸੁਰੀਲੀ ਅਤੇ ਬੁਲੰਦ ਸੀ ਜਿਸ ਨੇ ਸੋਲੋ ਗੀਤਾਂ ਦੇ ਨਾਲ ਨਾਲ ਉਸ ਜ਼ਮਾਨੇ ਦੇ ਚੋਟੀ ਦੇ ਗਾਇਕਾਂ ਨਾਲ ਦੋਗਾਣੇ ਗਾ ਕੇ ਆਪਣੀ ਕਲਾ ਦਾ ਲੋਹਾ ਮਨਵਾਇਆ। ਸਤਿੰਦਰ ਬੀਬਾ ਦਾ ਜਨਮ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਜ਼ਿਲ੍ਹਾ ਸਰਗੋਧਾ ਵਿੱਚ ਪੈਂਦੇ ਪਿੰਡ ਚੱਕ ਨੰਬਰ 120 ਵਿਖੇ 1944 ਨੂੰ ਹੋਇਆ। ਮਾਂ ਮਹਿੰਦਰ ਕੌਰ ਅਤੇ ਪਿਤਾ ਫਤਿਹ ਸਿੰਘ ਦੀ ਲਾਡਲੀ ਧੀ ਸਤਿੰਦਰ ਬੀਬਾ ਦਾ ਪੂਰਾ ਨਾਂ ਸਤਿੰਦਰ ਕੌਰ ਸੀ। ਸੰਤਾਲੀ ਦੀ ਵੰਡ ਤੋਂ ਬਾਅਦ ਉਸ ਦੇ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਲੈ ਕੇ ਏਧਰ ਆ ਗਏ ਅਤੇ ਕੁਝ ਸਮਾਂ ਫ਼ਰੀਦਕੋਟ ਰਹਿਣ ਤੋਂ ਬਾਅਦ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੀ ਤਹਿਸੀਲ ਅਮਲੋਹ ਦੇ ਪਿੰਡ ਖੁੰਮਣਾਂ ਆ ਵੱਸੇ। ਪਿਤਾ ਫਤਿਹ ਸਿੰਘ ਲਾਡ ਨਾਲ ਆਪਣੀਆਂ ਦੋਵੇਂ ਧੀਆਂ ਨੂੰ ਬੀਬਾ ਜੀ ਕਹਿ ਕੇ ਸੱਦਦੇ ਸਨ ਸੋ ਗਾਇਕੀ ਦੇ ਖੇਤਰ ਵਿੱਚ ਨਰਿੰਦਰ ਅਤੇ ਸਤਿੰਦਰ ਨੇ ਆਪਣੇ ਨਾਂ ਨਾਲ ਬੀਬਾ ਸ਼ਬਦ ਜੋੜ ਲਿਆ। ਸਤਿੰਦਰ ਨੂੰ ਗਾਉਣ ਦਾ ਸ਼ੌਕ ਆਪਣੀ ਵੱਡੀ ਭੈਣ ਨਰਿੰਦਰ ਬੀਬਾ ਨੂੰ ਗਾਉਂਦੇ ਵੇਖ ਕੇ ਪਿਆ ਤੇ ਉਹ ਛੋਟੀ ਉਮਰੇ ਹੀ ਗੁਣਗੁਣਾਉਣ ਲੱਗ ਪਈ। ਨਰਿੰਦਰ ਬੀਬਾ ਨੂੰ ਗਾਇਕੀ ਵਿੱਚ ਮਿਲੀ ਸ਼ੁਹਰਤ ਅਤੇ ਕਾਮਯਾਬੀ ਨੇ ਇਨ੍ਹਾਂ ਸਾਰੇ ਭੈਣ ਭਰਾਵਾਂ ਨੂੰ ਵੀ ਗਾਇਕੀ ਵੱਲ ਹੀ ਤੋਰ ਲਿਆ। ਸਤਿੰਦਰ ਬੀਬਾ ਦੇ ਵੱਡੇ ਭਰਾ ਫ਼ਕੀਰ ਸਿੰਘ ਫ਼ਕੀਰ ਅਤੇ ਦੋ ਛੋਟੇ ਭਰਾ ਅਮੀਰ ਸਿੰਘ ਰਾਣਾ ਅਤੇ ਰਣਬੀਰ ਸਿੰਘ ਰਾਣਾ ਨੇ ਵੀ ਪੰਜਾਬੀ ਲੋਕ ਗਾਇਕੀ ਵਿੱਚ ਚੰਗਾ ਨਾਮਣਾ ਖੱਟਿਆ। ਇਨ੍ਹਾਂ ਸਾਰੇ ਭੈਣ ਭਰਾਵਾਂ ਦੀ ਆਵਾਜ਼ ਵਿੱਚ ਬਹੁਤ ਸਾਰੇ ਰਿਕਾਰਡ ਕੀਤੇ ਲੋਕ ਗੀਤ, ਏਕਲ ਗੀਤ, ਦੋਗਾਣੇ ਅਤੇ ਓਪੇਰੇ ਸੁਣਨ ਨੂੰ ਮਿਲਦੇ ਹਨ। ਬੁਲੰਦ ਅਤੇ ਸੁਰੀਲੀ ਆਵਾਜ਼ ਦੀ ਮਲਿਕਾ ਸਤਿੰਦਰ ਬੀਬਾ ਨੇ ਸੰਗੀਤ ਦੀ ਤਾਲੀਮ ਆਪਣੀ ਵੱਡੀ ਭੈਣ ਨਰਿੰਦਰ ਬੀਬਾ ਕੋਲੋਂ ਹਾਸਿਲ ਕੀਤੀ। ਸੰਗੀਤ ਵਿੱਚ ਪਰਿਪੱਕਤਾ ਹਾਸਿਲ ਕਰਨ ਤੋਂ ਬਾਅਦ ਉਹ ਆਪਣੇ ਭੈਣ ਭਰਾਵਾਂ ਨਾਲ ਅਖਾੜਿਆਂ ਵਿੱਚ ਗਾਉਣ ਜਾਣ ਲੱਗ ਪਈ। ਸਤਿੰਦਰ ਬੀਬਾ ਦੀ ਆਵਾਜ਼ ਬਹੁਤ ਬੁਲੰਦ ਤੇ ਮਿੱਠੀ ਸੀ ਤੇ ਉਹ ਬਿਨਾਂ ਥੱਕਿਆਂ ਕਈ ਕਈ ਘੰਟੇ ਗਾਉਣ ਦੀ ਸਮਰੱਥਾ ਰੱਖਦੀ ਸੀ। ਸੁਰੀਲੀ ਆਵਾਜ਼, ਸੁਰ ਦੀ ਪੂਰੀ ਸਮਝ ਰੱਖਣ ਅਤੇ ਉੱਚੀ ਹੇਕ ਲਾ ਕੇ ਗਾਉਣ ਦੀ ਮੁਹਾਰਤ ਰੱਖਣ ਕਰਕੇ ਥੋੜ੍ਹੇ ਸਮੇਂ ਵਿੱਚ ਹੀ ਉਸ ਦੀ ਸੰਗੀਤ ਜਗਤ ਵਿੱਚ ਪਹਿਚਾਣ ਬਣਨ ਲੱਗੀ। ਸਤਿੰਦਰ ਬੀਬਾ ਦੀ ਆਵਾਜ਼ ਵਿੱਚ ਰਿਕਾਰਡ ਹੋਏ ਗੀਤਾਂ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਬੇਸ਼ੱਕ ਇਨ੍ਹਾਂ ਦੀ ਗਿਣਤੀ ਘੱਟ ਸੀ, ਪਰ ਜਿੰਨੇ ਵੀ ਗੀਤ ਬੀਬਾ ਜੀ ਦੇ ਰਿਕਾਰਡ ਹੋਏ ਮਿਲਦੇ ਹਨ, ਉਹ ਸਾਰੇ ਹੀ ਆਪਣੇ ਸਮੇਂ ਦੇ ਹਿੱਟ ਗੀਤ ਹਨ। ਸੱਤਰ ਦੇ ਦਹਾਕੇ ਵਿੱਚ ਸਤਿੰਦਰ ਬੀਬਾ ਦੇ ਗ੍ਰਾਮੋਫੋਨ ਰਿਕਾਰਡ ਰਿਲੀਜ਼ ਹੋਏ। ਸਾਲ 1972 ਵਿੱਚ ਸਤਿੰਦਰ ਬੀਬਾ ਦਾ ਆਪਣੇ ਛੋਟੇ ਭਰਾ ਅਮੀਰ ਸਿੰਘ ਰਾਣਾ ਅਤੇ ਕੁਲਦੀਪ ਮਾਣਕ ਦੀਆਂ ਆਵਾਜ਼ਾਂ ਵਿੱਚ ਦੋਗਾਣਿਆਂ ਦਾ ਐੱਸਪੀ ਰਿਕਾਰਡ 'ਪੱਟ ਸੁੱਟਿਆ ਮੁਟਿਆਰੇ' ਦੇ ਟਾਈਟਲ ਹੇਠ ਰਿਲੀਜ਼ ਹੋਇਆ ਜਿਸ ਵਿੱਚ ਰਿਕਾਰਡ ਦੇ ਇੱਕ ਪਾਸੇ 'ਪੱਟ ਸੁੱਟਿਆ ਮੁਟਿਆਰੇ' ਗੀਤ ਸੀ ਤੇ ਦੂਸਰੇ ਪਾਸੇ 'ਬੋਦੀ ਵਾਲਾ ਤਾਰਾ ਚੜ੍ਹਿਆ' ਗੀਤ ਸੀ। 1972 ਵਿੱਚ 'ਓਪੇਰਾ ਸਾਕਾ ਸਰਹੰਦ' ਨਰਿੰਦਰ ਬੀਬਾ, ਅਮੀਰ ਸਿੰਘ ਰਾਣਾ, ਰਣਬੀਰ ਸਿੰਘ ਰਾਣਾ ਅਤੇ ਸਤਿੰਦਰ ਬੀਬਾ ਦੀਆਂ ਆਵਾਜ਼ਾਂ ਵਿੱਚ ਰਿਲੀਜ਼ ਹੋਇਆ। 1973 ਵਿੱਚ ਕੁਲਦੀਪ ਮਾਣਕ ਨਾਲ ਦੋਗਾਣਾ ਗੀਤਾਂ ਦਾ ਰਿਕਾਰਡ 'ਆਇਆ ਦਿਉਰ ਦਾ ਵਿਆਹ' ਰਿਲੀਜ਼ ਹੋਇਆ। 1974 ਵਿੱਚ ਐੱਸਪੀ ਰਿਕਾਰਡ ਜਿਸ ਵਿੱਚ ਦੋ ਗੀਤ 'ਸੁੱਚਿਆਂ ਰੁਮਾਲਾ ਨੂੰ ਲਾ ਦੇ ਧੰਨ ਕੁਰੇ ਗੋਟਾ' ਅਤੇ 'ਤੁਨ ਤੁਨ ਤੁਨ ਬਹਿ ਕੇ ਗੱਲ ਮੇਰੀ ਸੁਣ' ਕੁਲਦੀਪ ਮਾਣਕ ਨਾਲ ਦੋਗਾਣਾ ਸੀ। 1975 ਵਿੱਚ ਈ ਪੀ ਰਿਕਾਰਡ ਕੁਲਦੀਪ ਮਾਣਕ ਨਾਲ ਦੋਗਾਣਾ ਗੀਤ ਜਿਸ ਵਿੱਚ ਕੁੱਲ 4 ਗੀਤ ਸਨ, ਰਿਲੀਜ਼ ਹੋਇਆ। 1977 ਵਿੱਚ ਗਾਇਕ ਸੀਤਲ ਸਿੰਘ ਸੀਤਲ ਨਾਲ ਦੋਗਾਣਾ ਐੱਲਪੀ ਰਿਕਾਰਡ ਜਿਸ ਦਾ ਟਾਈਟਲ ਸੀ 'ਨਾਲ ਡਰਾਈਵਰ ਹਾਏ ਕੋਈ ਵਿਆਹ ਕਰਵਾਏ ਨਾ' ਜਿਸ ਵਿੱਚ ਕੁੱਲ 6 ਗੀਤ ਸਨ। ਇਨ੍ਹਾਂ ਗੀਤਾਂ ਤੋਂ ਇਲਾਵਾ ਸਤਿੰਦਰ ਬੀਬਾ ਦੇ ਹੋਰ ਵੀ ਬਹੁਤ ਸਾਰੇ ਗੀਤ ਹਿੱਟ ਹੋਏ ਜਿਨ੍ਹਾਂ ਵਿੱਚੋਂ ਦੋਗਾਣਾ 'ਆਇਆ ਦਿਉਰ ਦਾ ਵਿਆਹ, ਮੈਨੂੰ ਗੋਡੇ ਗੋਡੇ ਚਾਅ', ਕੁਲਦੀਪ ਮਾਣਕ ਨਾਲ ਅਤੇ 'ਮੈਨੂੰ ਵੀ ਚੜ੍ਹਿਆ ਭਾਬੀਏ 'ਠਾਰ੍ਹਵਾ ਸਾਲ ਨੀਂ' ਰਣਬੀਰ ਸਿੰਘ ਰਾਣਾ ਨਾਲ, 'ਭਾਬੀ ਤੇਰੀ ਭੈਣ ਪਟੋਲਾ' ਅਮੀਰ ਸਿੰਘ ਰਾਣਾ ਨਾਲ 'ਗੱਡੀ ਲੱਦ ਕਲਕੱਤੇ ਵੜਦਾ, ਮੁੜਕੇ ਪਤਾ ਨ੍ਹੀਂ ਲੈਂਦਾ ਘਰ ਦਾ' ਅਤੇ ਸੀਤਲ ਸਿੰਘ ਸੀਤਲ ਨਾਲ ਗੀਤਾਂ ਦੇ ਰਿਕਾਰਡ ਮਿਲਦੇ ਹਨ। ਸਾਲ 1983 ਵਿੱਚ ਰਿਲੀਜ਼ ਹੋਈ ਪੰਜਾਬੀ ਫਿਲਮ 'ਪੁੱਤ ਜੱਟਾਂ ਦੇ' ਵਿੱਚ ਵੀ ਸਤਿੰਦਰ ਬੀਬਾ ਨੇ ਇੱਕ ਕੋਰਸ ਗੀਤ 'ਬੋਲੀਆਂ' ਨਰਿੰਦਰ ਬੀਬਾ ਅਤੇ ਗੁਲਸ਼ਨ ਕੋਮਲ ਨਾਲ ਮਿਲ ਕੇ ਗਾਇਆ ਸੀ। ਉਸ ਜ਼ਮਾਨੇ ਵਿੱਚ ਮਸ਼ਹੂਰ ਅਖਾੜਾ ਗਾਇਕੀ ਵਿੱਚ ਸਤਿੰਦਰ ਬੀਬਾ ਦੀ ਪੂਰੀ ਚੜ੍ਹਤ ਸੀ। ਬੇਸ਼ੱਕ ਬੀਬਾ ਨੇ ਕਿਸੇ ਗਾਇਕ ਨਾਲ ਪੱਕਾ ਸੈੱਟ ਤਾਂ ਨਹੀ ਬਣਾਇਆ ਸੀ, ਪਰ ਕੁਲਦੀਪ ਮਾਣਕ ਨਾਲ ਉਸ ਨੇ ਅਖਾੜਿਆਂ ਵਿੱਚ ਸਭ ਤੋਂ ਵੱਧ ਗਾਇਆ ਤੇ ਗੀਤਾਂ ਦੀ ਰਿਕਾਰਡਿੰਗ ਵੀ ਕੁਲਦੀਪ ਮਾਣਕ ਨਾਲ ਹੀ ਸਭ ਤੋਂ ਵੱਧ ਮਿਲਦੀ ਹੈ। ਬੇਸ਼ੱਕ ਸਤਿੰਦਰ ਬੀਬਾ ਦੀ ਬੇਵਕਤੀ ਮੌਤ ਕਰਕੇ ਉਸ ਦੇ ਗੀਤ ਗਿਣਤੀ ਪੱਖੋਂ ਭਾਵੇ ਘੱਟ ਹਨ, ਪਰ ਗੁਣਾਤਮਕ ਪੱਖ ਤੋਂ ਉਸ ਦੇ ਗਾਏ ਗੀਤ ਉੱਚ ਪਾਏ ਦੇ ਅਤੇ ਬਿਹਤਰੀਨ ਹਨ ਜਿਨ੍ਹਾਂ ਨੂੰ ਅੱਜ ਵੀ ਸੰਗੀਤ ਪ੍ਰੇਮੀ ਬਹੁਤ ਪਸੰਦ ਕਰਦੇ ਹਨ। ਸਤਿੰਦਰ ਬੀਬਾ ਦੇ ਜੇਕਰ ਪਰਿਵਾਰਕ ਜੀਵਨ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਦਾ ਵਿਆਹ ਰੇਲਵੇ ਦੇ ਮੁਲਾਜ਼ਮ ਮਲਕੀਤ ਸਿੰਘ ਨਾਲ ਹੋਇਆ ਤੇ ਉਨ੍ਹਾਂ ਦੇ ਘਰ ਦੋ ਬੇਟੀਆਂ ਤੇ ਇੱਕ ਬੇਟੇ ਨੇ ਜਨਮ ਲਿਆ। ਬੀਬਾ ਜੀ ਦੇ ਪਤੀ ਮਲਕੀਤ ਸਿੰਘ ਉਨ੍ਹਾਂ ਨੂੰ ਗਾਇਕੀ ਵਿੱਚ ਕਾਫ਼ੀ ਸਹਿਯੋਗ ਦਿੰਦੇ ਸਨ ਤੇ ਅਕਸਰ ਪ੍ਰੋਗਰਾਮਾਂ ਵਿੱਚ ਉਨ੍ਹਾਂ ਦੇ ਨਾਲ ਹੀ ਹੁੰਦੇ ਸਨ। 1981 ਨੂੰ ਵਿਸਾਖੀ ਵਾਲੇ ਦਿਨ ਜਦੋਂ ਸਤਿੰਦਰ ਬੀਬਾ ਅਤੇ ਉਨ੍ਹਾਂ ਦੇ ਪਤੀ ਅੰਮ੍ਰਿਤਸਰ ਤੋਂ ਇੱਕ ਪ੍ਰੋਗਰਾਮ ਤੋਂ ਵਾਪਸ ਲੁਧਿਆਣੇ ਪਰਤ ਰਹੇ ਸਨ ਤਾਂ ਗੁਰਾਇਆ ਨੇੜੇ ਪਿੰਡ ਕੁਤਬੇਵਾਲ ਨੇੜੇ ਇੱਕ ਕਾਰ ਐਕਸੀਡੈਂਟ ਵਿੱਚ ਸਤਿੰਦਰ ਬੀਬਾ ਅਤੇ ਉਨ੍ਹਾਂ ਦੇ ਪਤੀ ਦੀ ਮੌਤ ਹੋ ਗਈ। ਇਸ ਤਰ੍ਹਾਂ ਪੰਜਾਬੀ ਗਾਇਕੀ ਦੇ ਅੰਬਰ 'ਤੇ ਇੱਕ ਸਿਤਾਰਾ ਚਮਕਣ ਤੋਂ ਪਹਿਲਾਂ ਹੀ ਅਲੋਪ ਹੋ ਗਿਆ।



# ਮਾਹਮਾਰੀ ਦੇ ਦਿਨਾਂ ਦੌਰਾਨ ਔਰਤਾਂ ਨੂੰ ਖ਼ਾਸ ਧਿਆਨ ਰੱਖਣ ਦੀ ਜ਼ਰੂਰਤ


ਮਾਹਮਾਰੀ (ਪੀਰੀਅਡਸ) ਦੌਰਾਨ ਔਰਤਾਂ ਨੂੰ ਛੁੱਟੀ ਦੇਣ ਦੀ ਗੱਲ ਕੀਤੀ ਜਾ ਰਹੀ ਹੈ, ਇਹ ਉਨ੍ਹਾਂ ਔਰਤਾਂ ਲਈ ਸਹੀ ਹੈ, ਜਿਨ੍ਹਾਂ ਨੂੰ ਬਹੁਤ ਦਰਦ ਹੁੰਦਾ ਹੈ ਪਰ ਪੀਰੀਅਡ ਦੌਰਾਨ ਛੁੱਟੀ ਦੇਣ ਦੀ ਬਜਾਇ ਜੇਕਰ ਔਰਤਾਂ ਚੰਗੀ ਸਹੂਲਤ ਅਤੇ ਆਰਾਮ ਦਿੱਤਾ ਜਾਵੇ ਤਾਂ ਇਹ ਉਨ੍ਹਾਂ ਲਈ ਹੋਰ ਵੀ ਫਾਇਦੇਮੰਦ ਹੋਵੇਗਾ। ਇਨ੍ਹੀਂ ਦਿਨੀਂ ਹਾਰਮੋਨਲ ਬਦਲਾਅ ਕਾਰਨ ਔਰਤਾਂ ਦੇ ਵਿਵਹਾਰ 'ਚ ਕਈ ਬਦਲਾਅ ਆਉਂਦੇ ਹਨ। ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਮਾਨਸਿਕ ਅਤੇ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਔਰਤਾਂ ਲਈ ਵਧੀਆ ਸਹੂਲਤਾਂ, ਵਧੀਆ ਭੋਜਨ, ਪੌਸ਼ਟਿਕ ਆਹਾਰ, ਸਾਫ਼-ਸੁਥਰੀ ਸੁਰੱਖਿਆ, ਇੱਜ਼ਤ, ਆਰਾਮ ਅਤੇ ਚੰਗੀ ਸਿਹਤ ਦਾ ਪ੍ਰਬੰਧ ਕਰੇ। ਉਨ੍ਹਾਂ ਲਈ ਹਰ ਜਗ੍ਹਾ ਚੰਗੇ ਅਤੇ ਸਾਫ਼-ਸੁਥਰੇ ਬਾਥਰੂਮ ਬਣਾਏ ਜਾਣੇ ਚਾਹੀਦੇ ਹਨ, ਜਿਥੇ ਸਫ਼ਾਈ ਦਾ ਪੂਰਾ ਧਿਆਨ ਰੱਖਿਆ ਜਾਵੇ, ਹੱਥ ਧੋਣ ਲਈ ਤਰਲ ਸਾਬਣ ਰੱਖਣਾ ਚਾਹੀਦਾ ਹੈ, ਨਾਲੇ ਡਸਟਬਿਨ ਵੀ ਰੱਖੇ ਜਾਣ ਤਾਂ ਜੋ ਔਰਤਾਂ ਆਪਣੇ ਵਰਤੇ ਹੋਏ ਪੈਡ ਇਸ ਵਿਚ ਸੁੱਟ ਸਕਣ। ਉਨ੍ਹਾਂ ਲਈ ਮੁਫ਼ਤ ਪੈਡਾਂ ਦਾ ਵੀ ਪ੍ਰਬੰਧ ਕੀਤਾ ਜਾਵੇ। ਔਰਤਾਂ ਲਈ ਬਹੁਤ ਜ਼ਰੂਰੀ ਵਸਤਾਂ ਸਸਤੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਕਿਉਂਕਿ ਇਹ ਬਹੁਤ ਮਹਿੰਗੀਆਂ ਹੁੰਦੀਆਂ ਹਨ। ਇਸ ਗੱਲ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਛੁੱਟੀਆਂ ਔਰਤਾਂ ਦੀ ਪੜ੍ਹਾਈ, ਕੰਮ ਜਾਂ ਤਰੱਕੀ ਵਿਚ ਕਿਸੇ ਕਿਸਮ ਦੀ ਰੁਕਾਵਟ ਤਾਂ ਨਹੀਂ ਬਣ ਰਹੀਆਂ। ਵੈਸੇ ਵੀ ਸਿ ਮੁੱਦੇ ਨਾਲੋਂ ਔਰਤਾਂ ਨਾਲ ਜੁੜੇ ਹੋਰ ਵੀ ਅਹਿਮ ਮਸਲੇ ਅਤੇ ਸਮੱਸਿਆਵਾਂ ਹਨ, ਜਿਨ੍ਹਾਂ ਦੇ ਹੱਲ ਲਈ ਸਰਕਾਰ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ। ਜਿਵੇਂ-ਜਿਵੇਂ ਉਸ ਦੀ ਸੁਰੱਖਿਆ ਲਈ ਬਹੁਤ ਜ਼ਰੂਰੀ ਅਤੇ ਚੰਗੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਉਹ ਹਰ ਜਗ੍ਹਾ ਬਿਨਾਂ ਕਿਸੇ ਡਰ ਦੇ ਆ-ਜਾ ਸਕੇ। ਇਸ ਦੇ ਨਾਲ ਹੀ ਮਰਦਾਂ ਨੂੰ ਵੀ ਚਾਹੀਦਾ ਹੈ ਕਿ ਔਰਤਾਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਨੂੰ ਸਮਝਣ, ਉਨ੍ਹਾਂ ਦਾ ਸਮਰਥਨ, ਮਦਦ ਅਤੇ ਦੇਖਭਾਲ ਕਰਨ। ਉਨ੍ਹਾਂ ਨੂੰ ਆਰਾਮ ਦਿੱਤਾ ਜਾਣਾ ਚਾਹੀਦਾ ਹੈ। ਜੇਕਰ ਔਰਤਾਂ ਨੂੰ ਬਹੁਤ ਜ਼ਿਆਦਾ ਦਰਦ ਅਤੇ ਤਕਲੀਫ਼ ਹੁੰਦੀ ਹੈ ਤਾਂ ਉਨ੍ਹਾਂ ਦੇ ਸਕੂਲਾਂ, ਕਾਲਜਾਂ ਅਤੇ ਦਫਤਰਾਂ ਵਿਚ ਹਰ ਥਾਂ ਸਿਹਤ ਸਹੂਲਤਾਂ ਅਤੇ ਅਜਿਹੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ, ਜਿਥੇ ਉਹ ਥੋੜ੍ਹਾ ਆਰਾਮ ਕਰ ਸਕਣ। ਕਿਸੇ ਵੀ ਔਰਤ ਨਾਲ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਸਾਰੀਆਂ ਔਰਤਾਂ ਨੂੰ ਸਨਮਾਨ ਦੀ ਨਜ਼ਰ ਨਾਲ ਦੇਖਿਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਮਜ਼ਬੂਤ ਹੋ ਸਕਣ ਅਤੇ ਹਰ ਮੁਸ਼ਕਿਲ ਦਾ ਸਾਹਮਣਾ ਕਰਨ ਦੀ ਹਿੰਮਤ ਰੱਖ ਸਕਣ।





# ਸੁੰਦਰਤਾ ਦੀ ਸ਼ੁਭਚਿੰਤਕ ਹੈ ਵਿਟਾਮਿਨ 'ਸੀ'

ਵਿਟਾਮਿਨ 'ਸੀ' ਦੇ ਨਾਲ ਇਕ ਖ਼ਾਸ ਗੱਲ ਇਹ ਹੈ ਕਿ ਇਸ ਨਾਲ ਤਿਆਰ ਕੋਈ ਵੀ ਲੋਸ਼ਨ, ਕ੍ਰੀਮ ਜਾਂ ਸੀਰਮ ਨੂੰ ਸਹੀ ਢੰਗ ਨਾਲ ਵਰਤਣ ਦੀ ਜ਼ਰੂਰਤ ਹੁੰਦੀ ਹੈ। ਜੇਕਰ ਲੋਸ਼ਨ ਜਾਂ ਸੀਰਮ ਦੀ ਬੋਤਲ ਖੁੱਲ੍ਹੀ ਹੋਵੇ ਤਾਂ ਪਾਣੀ, ਹਵਾ ਅਤੇ ਗਰਮੀ ਦੇ ਸੰਪਰਕ ਵਿਚ ਆਉਂਦਿਆਂ ਹੀ ਇਸ ਦੇ ਪ੍ਰਭਾਵ ਵਿਚ ਕਮੀ ਆ ਜਾਂਦੀ ਹੈ। ਕਲੀਂਜਿੰਗ ਮਿਲਕ ਨਾਲ ਚਿਹਰਾ ਸਾਫ਼ ਕਰਨ ਤੋਂ ਬਾਅਦ ਸਨਸਕ੍ਰੀਨ ਲਗਾਓ। ਸਨਸਕ੍ਰੀਨ ਜਾਂ ਵਿਟਾਮਿਨ 'ਸੀ' ਵਾਲੀ ਸਕਿਨ ਸੀਰਮ, 30-40 ਫ਼ੀਸਦੀ ਕੁਦਰਤੀ ਸਨ-ਪ੍ਰੋਟਕਸ਼ਨ ਦਾ ਕੰਮ ਕਰਦਾ ਹੈ। ਨਿੰਬੂ, ਆੜੂ ਵਰਗੇ ਫਲਾਂ ਤੋਂ ਬਣੇ ਮਾਈਸਚਰਾਈਜ਼ਰ ਤੇਲ ਵਾਲੀਆਂ ਗ੍ਰੰਥੀਆਂ ਨੂੰ ਕੰਟਰੋਲ ਕਰਦੇ ਹਨ। ਨੈਰੋਲੀ, ਲੈਮਨ ਜਾਂ ਓਰੇਂਜ ਅਸੈਂਸ਼ੀਅਲ ਆਇਲ ਦੀਆਂ ਦੋ ਬੂੰਦਾਂ ਬਾਡੀ ਲੋਸ਼ਨ ਜਾਂ ਫੇਸ ਕ੍ਰੀਮ ਵਿਚ ਵਰਤੋਂ ਕਰੋ, ਤਾਂ ਕੁਝ ਹੀ ਦਿਨਾਂ ਵਿਚ ਚਿਹਰੇ ਦੀਆਂ ਰੇਖਾਵਾਂ ਦੂਰ ਹੋਣਗੀਆਂ। ਇਸ ਤੋਂ ਇਲਾਵਾ ਤੁਸੀਂ ਇਨ੍ਹਾਂ ਅਸੈਂਸ਼ੀਅਲ ਆਇਲਜ਼ ਦੀਆਂ ਕੁਝ ਬੂੰਦਾਂ ਵੀ ਪਾ ਸਕਦੇ ਹੋ। ਇਸ ਨਾਲ ਕੁਝ ਹੀ ਹਫ਼ਤਿਆਂ ਵਿਚ ਚਮੜੀ ਵਿਚ ਕਸਾਵਟ ਮਹਿਸੂਸ ਹੋਵੇਗੀ। ਬ੍ਰਾਈਟਨਿੰਗ ਵਿਟਾਮਿਨ 'ਸੀ' ਸੀਰਮ ਵਿਚ 3 ਤਰ੍ਹਾਂ ਦੇ ਵਿਟਾਮਿਨ 'ਸੀ' ਦੀ ਵਰਤੋਂ ਹੁੰਦੀ ਹੈ। ਰਾਤ ਨੂੰ ਇਸ ਨੂੰ ਲਗਾ ਕੇ ਸੌਣ ਨਾਲ ਚਿਹਰੇ ਦੀਆਂ ਝੁਰੜੀਆਂ ਅਤੇ ਛਾਈਆਂ 'ਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ। ਸਵੇਰੇ ਕੋਸ਼ਿਕਾਵਾਂ ਦੇ ਦੁਬਾਰਾ ਜੀਵਤ ਹੋਣ ਦੀ ਵਜ੍ਹਾ ਕਰਕੇ ਚਮੜੀ ਜਵਾਨ ਅਤੇ ਖ਼ੂਬਸੂਰਤ ਦਿਖਾਈ ਦਿੰਦੀ ਹੈ। ਵਿਟਾਮਿਨ 'ਸੀ' ਨੂੰ ਵਾਟਰ



ਸੋਲਿਉਬਲ ਭਾਵ ਘੁਲਣਸ਼ੀਲ ਗੁਣ ਭਰਪੂਰ ਕਿਹਾ ਜਾਂਦਾ ਹੈ। ਇਹ ਚਮੜੀ ਲਈ ਸੁਰੱਖਿਅਤ ਮੰਨੀ ਜਾਂਦੀ ਹੈ। ਪਰ ਇਸ ਦੀ ਚਮੜੀ 'ਤੇ ਜ਼ਿਆਦਾ ਵਰਤੋਂ ਨਹੀਂ ਕੀਤੀ ਜਾ ਸਕਦੀ। ਵਿਟਾਮਿਨ 'ਸੀ' ਚਮੜੀ 'ਤੇ ਕਲੀਂਜਿੰਗ ਏਜੰਟ ਦਾ ਕੰਮ ਤਾਂ ਕਰੇਗੀ, ਪਰ ਉਦੋਂ ਰੁੱਖੀ ਚਮੜੀ ਹੋਰ ਵੀ ਰੁੱਖੀ ਹੋ ਜਾਵੇਗੀ। ਇਸ ਲਈ ਇਸ ਨੂੰ ਪਿਓਰ ਨਹੀਂ, ਕਿਸੇ ਵੀ ਚੀਜ਼ ਨਾਲ ਮਿਲਾ ਕੇ ਵਰਤੋਂ ਕਰੋ। ਜਿਵੇਂ ਨਿੰਬੂ ਦਾ ਰਸ ਅਤੇ ਸ਼ਹਿਦ। ਨਿੰਬੂ ਦਾ ਰਸ ਅਤੇ ਟਮਾਟਰ। ਨਿੰਬੂ ਦਾ ਰਸ ਅਤੇ ਵੇਸਣ। ਇਹ ਚਮੜੀ ਦੀਆਂ ਤੇਲ ਵਾਲੀਆਂ ਗ੍ਰੰਥੀਆਂ ਨੂੰ ਵਾਧੂ ਸਰਗਰਮ ਹੋਣ ਤੋਂ ਰੋਕਦੀ ਹੈ। ਵਿਟਾਮਿਨ 'ਸੀ' ਵਿਚ ਮੌਜੂਦ ਐਂਟੀ ਆਕਸੀਡੈਂਟ ਕੋਲੇਜਨ ਬਣਾਉਣ ਵਿਚ ਇਸ ਦੀ ਭੂਮਿਕਾ ਨੂੰ ਖ਼ਾਸ ਬਣਾਉਂਦਾ ਹੈ। ਚਮੜੀ ਦੀਆਂ ਕੋਸ਼ਿਕਾਵਾਂ ਦੇ ਨਿਰਮਾਣ ਵਿਚ ਵਿਟਾਮਿਨ 'ਸੀ' ਬੜਾ ਉਪਯੋਗੀ ਹੈ। ਇਸ 'ਤੇ ਹੋਈ ਖੋਜ ਦੱਸਦੀ ਹੈ ਕਿ ਵਿਟਾਮਿਨ 'ਸੀ', ਸੂਰਜ ਦੀਆਂ ਕਿਰਨਾਂ ਤੋਂ ਪ੍ਰਭਾਵਿਤ ਚਮੜੀ 'ਤੇ ਖ਼ਾਸ ਅਸਰ ਕਰਦੀ ਹੈ।

ਵਿਟਾਮਿਨ 'ਸੀ' ਅਤੇ ਜ਼ਿੰਕ ਇਸ ਤਰ੍ਹਾਂ ਦੇ ਪੌਸ਼ਟਿਕ ਤੱਤ ਹੁੰਦੇ ਹਨ, ਜੋ ਚਮੜੀ ਦੇ ਟੋਨ ਨੂੰ ਸੁਧਾਰਦੇ ਹਨ। ਰੈਸ਼ੇਜ਼, ਮੁਹਾਂਸੇ, ਝੁਰੜੀਆਂ ਅਤੇ ਸਨਬਰਨ ਦੀ ਸਥਿਤੀ ਵਿਚ ਸੁਧਾਰ ਹੁੰਦਾ ਹੈ। ਇਹ ਚਮੜੀ ਨੂੰ ਅਲਟ੍ਰਾਵਾਇਲਟ ਕਿਰਨਾਂ ਤੋਂ ਸੁਰੱਖਿਅਤ ਅਤੇ ਸਿਹਤਮੰਦ ਬਣਾਈ ਰੱਖਦੀ ਹੈ। ਵਿਟਾਮਿਨ 'ਸੀ' ਨੂੰ ਐਸਕੋਰਬਿਕ ਐਸਿਡ ਵੀ ਕਿਹਾ ਜਾਂਦਾ ਹੈ, ਜੋ ਕੋਲੇਜਨ ਬਣਾਉਣ ਵਿਚ ਮਦਦ ਕਰਦਾ ਹੈ। ਇਹ ਕੋਲੇਜਨ ਇਕ ਤਰ੍ਹਾਂ ਦਾ ਪ੍ਰੋਟੀਨ ਹੈ, ਜੋ ਚਮੜੀ ਦੀਆਂ ਕੋਸ਼ਿਕਾਵਾਂ ਅਤੇ ਖ਼ੂਨ ਨਾੜੀਆਂ ਨੂੰ ਬਣਨ ਵਿਚ ਮਦਦ ਕਰਦਾ ਹੈ। ਇਸ ਨਾਲ ਚਮੜੀ ਦਾ ਰੰਗ ਸਾਫ਼ ਹੁੰਦਾ ਹੈ ਅਤੇ ਉਸ ਨੂੰ ਮਜ਼ਬੂਤੀ ਮਿਲਦੀ ਹੈ।



# ਹਰ ਕੋਈ ਚਾਹੇ ਤੁਹਾਡੇ ਵਰਗਾ ਬਣਨਾ

ਯਾਹੂਦੀ ਲੋਕਾਂ ਦੀ ਇਕ ਕਹਾਵਤ ਹੈ ਕਿ ਜੀਵਨ ਸਭ ਤੋਂ ਵਧੀਆ ਸੌਦਾ ਹੁੰਦਾ ਹੈ, ਕਿਉਂਕਿ ਇਹ ਸਾਨੂੰ ਬਿਨਾਂ ਕਿਸੇ ਕੀਮਤ ਤੋਂ ਮਿਲਿਆ ਹੈ। ਇਹ ਸਾਡੇ ਹੱਥ-ਵੱਸ ਹੈ ਕਿ ਅਸੀਂ ਆਪਣੇ ਜੀਵਨ ਨੂੰ ਖ਼ੂਬਸੂਰਤ ਬਣਾ ਸਕਦੇ ਹਾਂ। ਇਹ ਸਾਡੀ ਕਿਸਮਤ 'ਤੇ ਨਹੀਂ, ਬਲਕਿ ਇਹ ਸਾਡੀ ਆਪਣੀ ਸੋਚ, ਆਦਤ ਅਤੇ ਸੁਭਾਅ 'ਤੇ ਨਿਰਭਰ ਕਰਦਾ ਹੈ। ਤੁਸੀਂ ਸੁੰਦਰ ਹੋ, ਕਿਉਂਕਿ ਤੁਹਾਡੇ ਕੋਲ ਚੰਗਾ ਸੁਭਾਅ ਹੈ। ਤੁਸੀਂ ਅਮੀਰ ਹੋ, ਕਿਉਂਕਿ ਤੁਹਾਡੇ ਕੋਲ ਚਰਿੱਤਰ ਦੀ ਅਮੀਰੀ ਹੈ। ਤੁਸੀਂ ਹਰਮਨ-ਪਿਆਰੇ ਹੋ, ਕਿਉਂਕਿ ਤੁਹਾਡੇ ਵਿਚ ਨਿਮਰਤਾ ਹੈ। ਹਰ ਕੋਈ ਤੁਹਾਨੂੰ ਪਸੰਦ ਕਰਦਾ ਹੈ, ਕਿਉਂਕਿ ਤੁਹਾਡੇ ਕੋਲ ਗੱਲਬਾਤ ਕਰਨ ਦਾ ਸਲੀਕਾ ਹੈ। ਤੁਸੀਂ ਕਦੇ ਵੀ ਨਿਰਾਸ਼ ਨਹੀਂ ਹੁੰਦੇ, ਕਿਉਂਕਿ ਤੁਹਾਡੀ ਸੋਚ ਉਸਾਰੂ ਹੈ। ਤੁਹਾਡੀਆਂ ਆਦਤਾਂ ਤੁਹਾਡੇ ਸੁਹੱਪਣ ਵਿਚ ਹੋਰ ਵੀ ਵਾਧਾ ਕਰਦੀਆਂ ਹਨ। ਸਿਰਫ਼ ਆਪਣੀਆਂ ਹੀ ਗ਼ਲਤੀਆਂ ਤੋਂ ਨਹੀਂ, ਬਲਕਿ ਦੂਜਿਆਂ ਦੀਆਂ ਗ਼ਲਤੀਆਂ ਤੋਂ ਵੀ ਸਿੱਖੋ। ਤੁਹਾਨੂੰ ਕੋਈ ਧੋਖਾ ਨਹੀਂ ਦੇ ਸਕਦਾ, ਕਿਉਂਕਿ ਤੁਹਾਡੇ ਕੋਲ ਬੁੱਧੀ ਹੈ। ਅਕਸਰ ਨੇਕ ਇਰਾਦਾ ਅਤੇ ਚੰਗੇ ਵਿਚਾਰ ਜ਼ਿੰਦਗੀ ਨੂੰ ਬਦਲ ਦਿੰਦੇ ਹਨ। ਇਸਤਰੀ ਧਰਤੀ ਉੱਪਰ ਰੱਬ ਦਾ ਦੂਤ ਹੈ। ਕਲਪਨਾ ਚਾਵਲਾ ਅਮੀਰ ਮਾਪਿਆਂ ਦੀ ਧੀ ਨਹੀਂ ਸੀ, ਪਰ ਉਸ ਕੋਲ ਇਕ ਸੋਚ ਸੀ, ਇਕ ਇਰਾਦਾ ਸੀ। ਮਿਹਨਤ ਨਾਲ ਸਾਰੇ ਫਰਕ ਮਿਟ ਜਾਂਦੇ ਹਨ। ਮਦਰ ਟਰੇਸਾ ਕੋਲ ਪੂੰਜੀ ਨਹੀਂ ਸੀ ਅਤੇ ਨਾ ਹੀ ਉਸ ਦਾ ਕੋਈ ਸਕਾ-ਸਬੰਧੀ ਸੀ, ਪਰ ਉਸ ਕੋਲ ਮਮਤਾ ਸੀ, ਦਇਆ ਸੀ ਅਤੇ ਕੁਝ ਕਰ ਗੁਜ਼ਰਨ ਦਾ ਹੌਸਲਾ। ਆਪਣੇ ਇਨ੍ਹਾਂ ਗੁਣਾਂ ਕਰਕੇ ਉਸ ਨੇ ਇਸ ਸੰਸਾਰ 'ਚ ਆਪਣੀ ਵੱਖਰੀ ਥਾਂ ਬਣਾਈ। ਇਸ ਜ਼ਿੰਦਗੀ ਦੇ ਅਸੀਂ ਉਸ ਸਮੇਂ ਤੱਕ ਹੀ ਮਾਲਕ ਹਾਂ, ਜਿੰਨਾ ਸਮਾਂ ਸਾਡੇ ਵਿਚ ਸਾਹ ਚਲਦੇ ਹਨ। ਇਸ ਲਈ ਆਪਣੀ ਜ਼ਿੰਦਗੀ ਨੂੰ ਪ੍ਰਸੰਨ-ਚਿੱਤ ਬਣਾਓ। ਤੁਸੀਂ ਆਪਣੀ ਮਰਜ਼ੀ ਨਾਲ ਦੋਸਤ ਬਣਾਓ ਪਰ ਹਰ ਕੋਈ ਤੁਹਾਨੂੰ ਆਪਣਾ ਦੋਸਤ ਬਣਾਉਣਾ ਚਾਹੇ। ਤੁਸੀਂ ਸੋਚ-ਸਮਝ ਕੇ ਰਿਸ਼ਤੇ ਦੀ ਚੋਣ ਕਰੋ ਪਰ ਜ਼ਿੰਦਗੀ ਇਸ ਤਰ੍ਹਾਂ ਦੀ ਹੋਵੇ ਕਿ ਹਰ ਕੋਈ ਤੁਹਾਨੂੰ ਰਿਸ਼ਤੇਦਾਰ ਬਣਾਉਣ ਬਾਰੇ ਸੋਚੇ। ਆਪਣੀ ਜੀਵਨ-ਸ਼ੈਲੀ ਨੂੰ ਆਦਰਸ਼ ਬਣਾਓ ਤਾਂ ਕਿ ਹਰ ਕੋਈ ਤੁਹਾਡੇ ਵਰਗਾ ਬਣਨਾ ਚਾਹੇ। ਤੁਸੀਂ ਹਜ਼ਾਰਾਂ ਵਿਚੋਂ ਨਹੀਂ, ਬਲਕਿ ਲੱਖਾਂ ਵਿਚੋਂ ਇਕ ਹੋ। ਸਹੀ ਅਰਥਾਂ ਵਿਚ ਤੁਸੀਂ ਜ਼ਿੰਦਗੀ ਦੇ ਕਲਾਕਾਰ ਹੋ। ਤੁਹਾਡੇ ਕੋਲ ਕਾਬਲੀਅਤ ਹੈ, ਯੋਗਤਾ ਹੈ, ਸੋਚ ਅਤੇ ਚਰਿੱਤਰ ਹੈ, ਜ਼ਿੰਦਗੀ ਜਿਊਣ ਦਾ ਸਲੀਕਾ ਹੈ। ਤੁਹਾਡੇ ਕੋਲ ਚੰਗੇ ਫੈਸਲੇ ਕਰਨ ਵਾਲਾ ਦਿਮਾਗ ਹੈ, ਆਪਣੇ ਫੈਸਲਿਆਂ 'ਤੇ ਅਮਲ ਕਰਨ ਦੀ ਹਿੰਮਤ ਹੈ। ਅਜਿਹੀਆਂ ਮਾਣਮੱਤੀਆਂ ਧੀਆਂ 'ਤੇ ਜ਼ਮਾਨਾ ਨਾਜ਼ ਕਰਦਾ ਹੈ। ਬੇਸ਼ੱਕ ਰਸਤੇ ਵਿਚ ਕਠਿਨਾਈਆਂ ਬਹੁਤ ਹਨ ਪਰ ਤੁਹਾਡੇ ਕੋਲ ਆਪਣੇ ਰਸਤੇ ਆਪ ਬਣਾਉਣ ਦਾ ਇਰਾਦਾ ਅਤੇ ਹੁਨਰ ਹੈ। ਨਿਰਸੰਦੇਹ ਤੁਹਾਡੀ ਸ਼ਖ਼ਸੀਅਤ ਜੱਗ ਲਈ ਪ੍ਰੇਰਨਾ ਹੈ।




# Buying Your Home?

Need a Quick Approval for Pre-Sale of Condo?

Ranked One of The "TOP MORTGAGE BROKERS" in Canada

2022 TOP 75 BROKERS CMP

plus BONUS* FREE LEGAL FEE & APPRAISAL



Superior Mortgage
Unit 244-8138-128 Street, Surrey
604 507 1000
Our Symbol of Care & Service






# ਬੱਚੇ ਦੀ ਪਹਿਲੀ ਗੁਰੂ ਉਸ ਦੀ ਮਾਂ

ਸਾਫ਼-ਸੁਥਰੇ ਅਤੇ ਸੁਚੱਜੇ ਸਮਾਜ ਦੀ ਰਚਨਾ ਤਾਂ ਹੀ ਹੋ ਸਕਦੀ ਹੈ ਜੇ ਉਸ ਦੇ ਸ਼ਹਿਰੀ ਪੜ੍ਹੇ-ਲਿਖੇ ਅਤੇ ਸੂਝਵਾਨ ਹੋਣਗੇ। ਇਸ ਲਈ ਬੱਚੇ ਨੂੰ ਜਨਮ ਤੋਂ ਹੀ ਚੰਗੇ ਸੰਸਕਾਰ ਦੇਣੇ ਸਭ ਤੋਂ ਪਹਿਲਾਂ ਉਸ ਦੀ ਮਾਂ ਦੀ ਹੀ ਜ਼ਿੰਮੇਵਾਰੀ ਬਣਦੀ ਹੈ। ਛੋਟੇ ਬੱਚੇ ਦੀ ਦੇਖਭਾਲ ਅਸੀਂ ਬਹੁਤ ਹੀ ਸੁਚੇਤ ਹੋ ਕੇ ਕਰਦੇ ਹਾਂ ਪਰ ਜਦੋਂ ਕੁਝ ਵੱਡਾ ਹੋ ਕੇ ਸਕੂਲ ਜਾਣ ਲਗਦਾ ਹੈ ਤਾਂ ਅਸੀਂ ਸਮਝਦੇ ਹਾਂ ਕਿ ਸਾਡਾ ਕੰਮ ਹੁਣ ਉਸ ਨੂੰ ਬਰੇਕਫਾਸਟ ਕਰਵਾ ਕੇ ਸਕੂਲ ਬੈਗ ਉਸ ਦੇ ਮੋਢੇ 'ਤੇ ਟੰਗ ਦੇਣਾ ਹੈ, ਬਾਕੀ ਜ਼ਿੰਮੇਵਾਰੀ ਸਕੂਲ ਅਧਿਆਪਕਾਂ 'ਤੇ ਛੱਡ ਦਿੰਦੇ ਹਾਂ। ਬੱਚਾ ਸਕੂਲ ਵਿਚ ਕਿਵੇਂ ਵਿਚਰਦਾ ਹੈ, ਉਸ ਨੂੰ ਸਕੂਲ ਦਾ ਵਾਤਾਵਰਨ ਰਾਸ ਆਇਆ ਹੈ ਕਿ ਨਹੀਂ, ਉਸ ਦਾ ਹੋਮਵਰਕ ਠੀਕ ਢੰਗ ਨਾਲ ਹੁੰਦਾ ਹੈ ਜਾਂ ਨਹੀਂ ਆਦਿ ਵਿਸ਼ੇਸ਼ ਗੱਲਾਂ ਵੱਲ ਅਸੀਂ ਘੱਟ ਧਿਆਨ ਦੇਣ ਲੱਗ ਜਾਂਦੇ ਹਾਂ। ਸਾਨੂੰ ਸਕੂਲ ਜਾਂਦੇ ਬੱਚੇ ਦੀ ਹਰ ਜ਼ਰੂਰਤ ਦਾ ਧਿਆਨ ਰੱਖਣਾ ਚਾਹੀਦਾ ਹੈ। ਰੋਜ਼ ਸਵੇਰੇ ਸਕੂਲ ਜਾਣ ਸਮੇਂ ਉਸ ਦੇ ਸਕੂਲ ਬੈਗ ਦੀ ਜਾਂਚ ਕਰੋ, ਉਸ ਵਿਚ ਕੋਈ ਵੀ ਚੀਜ਼ ਘੱਟ ਹੈ, ਉਸ ਨੂੰ ਪੂਰਾ ਕਰਕੇ ਸਕੂਲ ਭੇਜੋ, ਸਕੂਲ, ਪੈੱਨ, ਪੈਨਸਿਲ ਜਾਂ ਕੋਈ ਵੀ ਚੀਜ਼ ਘੱਟ ਹੈ ਤਾਂ ਪੂਰੀ ਕਰਕੇ ਭੇਜੋ ਤਾਂ ਕਿ ਸਕੂਲ ਜਾ ਕੇ ਉਸ ਨੂੰ ਅਧਿਆਪਕ ਦੀਆਂ ਝਿੜਕਾਂ ਨਾ ਸਹਿਣੀਆਂ ਪੈਣ। ਜੇ ਅਸੀਂ ਬੱਚੇ ਦਾ ਬੈਗ ਮੁਕੰਮਲ ਕਰਕੇ ਨਹੀਂ ਭੇਜਦੇ ਤਾਂ ਉਹ ਸਾਥੀਆਂ ਦੀਆਂ ਚੀਜ਼ਾਂ ਚੋਰੀ ਚੁੱਕਣਾ ਸ਼ੁਰੂ ਕਰ ਦੇਵੇਗਾ, ਬਸ ਇਥੋਂ ਹੀ ਬੱਚਾ ਚੋਰੀ ਦੀ ਆਦਤ ਗ੍ਰਹਿਣ ਕਰ ਲਵੇਗਾ। ਇਸ ਲਈ ਜਦੋਂ ਵੀ ਤੁਹਾਡਾ ਬੱਚਾ ਕੋਈ ਚੋਰੀ ਦੀ ਚੀਜ਼ ਘਰ ਲੈ ਕੇ ਆਵੇ ਤਾਂ ਤੁਰੰਤ ਉਸ ਨੂੰ ਸਖਤੀ ਨਾਲ ਰੋਕ ਦਿਓ ਅਤੇ ਸਮਝਾਓ ਕਿ ਚੋਰੀ ਕਰਨਾ ਪਾਪ ਹੈ। ਜੇਕਰ ਤੁਸੀਂ ਛੋਟੇ ਬੱਚੇ ਨੂੰ ਹੀ ਚੋਰੀ ਕਰਨ ਤੋਂ ਰੋਕ ਦਿਓ ਤਾਂ ਬਹੁਤ ਚੰਗੀ ਗੱਲ, ਜੇਕਰ ਨਹੀਂ ਰੋਕ ਸਕਦੇ ਤਾਂ ਉਹ ਹੌਲੀ-ਹੌਲੀ ਚੋਰੀ ਕਰਨ ਦੇ ਕੰਮ ਵਿਚ ਪੱਕਾ ਹੋ ਜਾਵੇਗਾ। ਬੱਚਾ ਵੱਡਾ ਹੋ ਕੇ ਸਕੂਲ, ਕਾਲਜ ਜਾਣ ਲਗਦਾ ਹੈ ਤਾਂ ਤੁਹਾਡੀਆਂ ਜ਼ਿੰਮੇਵਾਰੀਆਂ ਹੋਰ ਵੀ ਵਧ ਸਕਦੀਆਂ ਹਨ। ਅੱਜ ਕੱਲ੍ਹ ਵਿੱਦਿਅਕ ਸੰਸਥਾਵਾਂ ਵਿਚ ਨਸ਼ਿਆਂ ਦੀ ਭਰਮਾਰ ਚੱਲ ਰਹੀ ਹੈ। ਇਸ ਬੁਰੀ ਆਦਤ ਤੋਂ ਬਚਾਉਣ ਲਈ ਤੁਸੀਂ



ਆਪਣੇ ਬੱਚੇ 'ਤੇ ਪੂਰੀ ਨਜ਼ਰ ਰੱਖੋ। ਉਸ ਦੇ ਸਕੂਲ ਆਉਣ-ਜਾਣ ਦਾ ਸਮਾਂ, ਉਸ ਦੇ ਸਾਥੀ ਵਿਦਿਆਰਥੀਆਂ ਦੀ ਸੰਗਤ ਅਤੇ ਜੇਕਰ ਸ਼ਾਮ ਨੂੰ ਜਿਮ ਆਦਿ ਜਾਂਦਾ ਹੈ ਤਾਂ ਇਹ ਸਭ ਕੁਝ ਤੁਹਾਡੀ ਨਿਗਰਾਨੀ ਵਿਚ ਹੋਣਾ ਚਾਹੀਦਾ ਹੈ। ਉਸ ਦੇ ਜੇਬ ਖਰਚ ਦਾ ਵੀ ਧਿਆਨ ਰੱਖੋ, ਕੋਸ਼ਿਸ਼ ਇਹ ਕਰੋ ਕਿ ਉਹ ਘਰ ਦੀਆਂ ਬਣੀਆਂ ਚੀਜ਼ਾਂ ਹੀ ਖਾਵੇ। ਬਾਜ਼ਾਰੂ ਖਾਣਾ ਜਿਥੇ ਸਿਹਤ ਲਈ ਹਾਨੀਕਾਰਕ ਹੈ, ਉਥੇ ਹੋਰ ਵੀ ਬਹੁਤ ਸਾਰੀਆਂ ਗ਼ਲਤ ਆਦਤਾਂ ਦਾ ਕਾਰਨ ਬਣਦਾ ਹੈ। ਕੰਟੀਨ, ਟੱਕ ਸ਼ਾਪ ਆਦਿ 'ਤੇ ਰੋਜ਼ ਸਾਥੀਆਂ ਸਮੇਤ ਬੈਠਣ ਦੀ ਆਦਤ ਪੱਕ ਜਾਂਦੀ ਹੈ, ਫਿਰ ਘਰ ਦਾ ਖਾਣਾ ਪਸੰਦ ਹੀ ਨਹੀਂ ਆਉਂਦਾ, ਕਿਉਂਕਿ ਮਸਾਲੇਦਾਰ ਭੋਜਨ ਦੀ ਆਦਤ ਪੈ ਜਾਂਦੀ ਹੈ। ਬੱਚੇ ਨੂੰ ਚੰਗਾ ਸ਼ਹਿਰੀ ਬਣਾਉਣ ਵਿਚ ਮਾਤਾ-ਪਿਤਾ ਦੀ ਵਿਸ਼ੇਸ਼ ਜ਼ਿੰਮੇਵਾਰੀ ਹੈ, ਕੇਵਲ ਉਸ ਦੇ ਅਧਿਆਪਕਾਂ 'ਤੇ ਹੀ ਨਿਰਭਰ ਨਹੀਂ ਕਰਨਾ ਚਾਹੀਦਾ।


# ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key INSURANCE

Explore Your Options

ਪੰਜਾਬੀ
हिंदी

Number 1 in the Community for 25 years.

**Stop Paying Too Much!**

Get **10 Quotes** instead of 1

Compare from the top Canadian Insurers



intact INSURANCE | Wawanesa Insurance | family INSURANCE | GORE MUTUAL › GO FORWARD | TRAVELERS
PEACE HILLS INSURANCE | MAX INSURANCE | AVIVA | MUTUAL FIRE INSURANCE | OPTIMUM.

HOME | AUTO | ICBC | CONDO | BUSINESS | TRUCKING | TENANTS | TRAVEL MEDICAL | MOTORBIKE | BOAT

CALL NOW

**604 502 0441**

**ICBC** ONLINE AND DELIVERY AVAILABLE.

**$50 VISA Gift Card for all quotes.**

($25 for Condo) No Obligations to purchase, let's try to save you money.
*Limited time offer.*

**SURREY**
**(604) 502 0441**
FAX (604) 502 0417
5-8430 128TH ST.
SURREY, BC
V3W 4G3

**NORTH VANCOUVER**
**(604) 635 2048**
FAX (604) 635 2049
110-845 MARINE DR.
NORTH VANCOUVER, BC
V7P 0A8

**VANCOUVER**
**(604) 325 1241**
FAX (604) 325 1414
4038 KNIGHT ST.
VANCOUVER, BC
V5N 5Y7

**OAKWEST**
**(604) 266 5533**
FAX (604) 266 2379
6260 EAST BLVD.
VANCOUVER, BC
V6M 3VJ

**OPEN 7 DAYS**

ICBC Autoplan

www.goldkeyinsurance.ca

fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

# LOWEST PRICES IN TOWN

## UNBEATABLE EXTRA SUPER SPECIAL

Yellow Onions 50 lbs USA #1
ਪੀਲੇ ਗੰਢੇ ਯੂ.ਐਸ. #੧
$14.99 bag

## EXTRA SUPER SUPER SPECIAL

Cilantro
ਧਣੀਆ
2 bunches for 99¢

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag

SUPER SPECIAL
Fresh Garlic
ਤਾਜ਼ਾ ਲਸਣ
$1.29 lb

SUPER SPECIAL
Tata Tea 220's
ਟਾਟਾ ਚਾਹ
$3.99 box

Red Lentil Whole
ਮਸਰਾ ਦੀ ਸਾਬਤ ਦਾਲ
88¢ lb

Swarna Chakki Atta 20 lbs
ਸਵਰਨਾ ਚੱਕੀ ਅੱਟਾ
$17.99 bag

SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.99 ea.

SUPER SPECIAL
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb

SUPER SPECIAL
Happy Paneer 300 g
ਹੈਪੀ ਪਨੀਰ
$3.99 pkg.

Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle

Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੈਨ)
$3.98 bag

SUPER SPECIAL
Bartlett Pears
ਬਾਰਟਲੇਟ ਨਾਸ਼ਪਾਤੀ
99¢ lb

Anjou Pears
ਅੰਜੂ ਨਾਸ਼ਪਾਤੀ
99¢ lb

Rapini (Sarson da Saag)
ਸਰਸੋਂ ਦਾ ਸਾਗ
$2.98 bunch

Masala Gur 2 lbs Shell
ਮਸਾਲਾ ਗੁੜ
$2.99 pkg.

Red Lentil Split
ਧੋਤੀ ਮਸਰਾਂ ਦੀ ਦਾਲ
88¢ lb

Green, Yellow & Orange Peppers BC
ਸ਼ਿਮਲਾ ਮਿਰਚਾਂ (ਹਰੀਆਂ, ਪੀਲੀਆਂ ਅਤੇ ਸੰਤਰੀ)
99¢ lb

Gala Apples US #1
ਗਾਲਾ ਸੇਬ ਯੂ.ਐਸ. #੧
99¢ lb

Spinach
ਪਾਲਕ
$1.29 bunch

Heer Besan 4 lbs
ਹੀਰ ਬੇਸਨ
$3.99 pkg.

Almonds #1
ਬਦਾਮ #੧
$3.99 lb

Large Seedless Oranges
ਵੱਡੇ ਸੰਗਤਰੇ (ਬਿਨਾ ਬੀਜ ਤੋਂ)
99¢ lb

Long English Cucumbers
ਲੰਬੇ ਇੰਗਲਿਸ਼ ਖੀਰੇ
2 for $1.50

Green Cabbage
ਹਰੀ ਬੰਦ ਗੋਬੀ
69¢ lb

Daikon (Moli)
ਮੂਲੀ
99¢ lb

Product images may differ from the actual product.

Fri Dec 15, 2023 - Wed Dec 20, 2023
We reserve the right to limit the quantities while they last
Specials valid for Lower Mainland only

22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 8 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |